

# ਮੈਟਾਫਰ ਨੂੰ ਸਮਝਦਿਆਂ

**ਸ. ਅਮਰਜੀਤ ਸਿੰਘ ਗਰੇਵਾਲ**

6-ਬੀ ਸੁਗੰਧ ਵਿਹਾਰ, ਪੱਖੋਵਾਲ ਰੋਡ, ਲੁਧਿਆਣਾ
✆ 98761-38523

ਇਹ ਪੇਪਰ ਸਮਕਾਲੀ ਕਵਿਤਾ ਦੇ ਵਿਸ਼ਲੇਸ਼ਣ ਰਾਹੀਂ ਮਨੁੱਖੀ ਚੇਤਨਾ ਵਿਚ ਰੂਪਕ (ਮੈਟਾਫਰ) ਦੀ ਭੂਮਿਕਾ ਨੂੰ ਸਮਝਣ ਦਾ ਯਤਨ ਹੈ। ਇਸ ਯਤਨ ਨੂੰ ਇਕ ਸਿਧਾਂਤਕ ਫਰੇਮਵਰਕ ਵਜੋਂ ਪੇਸ਼ ਕਰਨ ਦੀ ਵੀ ਕੋਸ਼ਿਸ਼ ਕੀਤੀ ਜਾਵੇਗੀ। ਸੁਰਜੀਤ ਪਾਤਰ ਦੀਆਂ ਰਚਨਾਵਾਂ "ਹੁਣ ਘਰ ਪਰਤਣਾ" ਅਤੇ "ਸ਼ਬਦ ਬਹੁਤ ਹਲਕੇ ਹਨ" ਰਾਹੀਂ, ਅਸੀਂ ਇਹ ਪ੍ਰਸਤਾਵ ਪੇਸ਼ ਕਰਨ ਦੀ ਕੋਸ਼ਿਸ਼ ਕਰਾਂਗੇ ਕਿ ਰੂਪਕੀ ਸੋਚ ਇਕ ਕੁਆਂਟਮ ਫੀਲਡ ਵਜੋਂ ਕੰਮ ਕਰਦੀ ਹੈ ਜਿੱਥੇ ਅਰਥਾਂ ਦੀ ਸੁਪਰਪੋਜ਼ੀਸ਼ਨ ਯਥਾਰਥ ਦੀ ਰਵਾਇਤੀ ਬਿਰਤਾਂਤਕ ਸਮਝ ਨੂੰ ਚੁਣੌਤੀ ਦਿੰਦੀ ਹੈ। ਸਮਕਾਲੀ ਕਵਿਤਾ ਦੀ ਰੂਪਕੀ ਚੇਤਨਾ ਉਸ ਉੱਤਰ-ਮਾਨਵਵਾਦੀ ਅਨੁਭਵ ਦਾ ਨਿਰਮਾਣ ਕਰਦੀ ਹੈ, ਜਿੱਥੇ ਪਛਾਣਾਂ ਤਰਲ, ਸਮਾਂ ਗ਼ੈਰ-ਰੇਖਿਕ (ਨਾਨ ਲੀਨੀਅਰ) ਅਤੇ ਯਥਾਰਥ ਮਲਟੀਪਲਾਈ ਹੋਣਾ ਸ਼ੁਰੂ ਹੋ ਜਾਂਦਾ ਹੈ। ਅਸੀਂ ਇਹ ਸਮਝਣ ਦਾ ਵੀ ਯਤਨ ਕਰਾਂਗੇ ਕਿ ਰੂਪਕੀ ਭਾਸ਼ਾ, ਅਰਥਾਂ ਦੇ ਸਿਮਲਟੇਨੀਅਸ ਨੈੱਟਵਰਕ ਰਾਹੀਂ, ਮਾਨਵਵਾਦੀ ਚੌਖਟਿਆਂ ਤੋਂ ਪਾਰਲੀ ਹੋਂਦ ਦੀ ਕਲਪਨਾ ਕਰਨ ਲਈ ਜ਼ਰੂਰੀ ਸਾਧਨ ਕਿਵੇਂ ਬਣ ਜਾਂਦੀ ਹੈ।

ਮਾਨਵਵਾਦ ਦਾ ਉੱਤਰ-ਮਾਨਵਵਾਦ ਵਿਚ ਰੂਪਾਂਤਰਣ ਉਸ ਬੁਨਿਆਦੀ ਤਬਦਲੀ ਵੱਲ ਸੰਕੇਤ ਕਰਦਾ ਹੈ, ਜੋ ਸਾਨੂੰ ਯਥਾਰਥ, ਪਛਾਣ ਅਤੇ ਚੇਤਨਾ ਦੀ ਗਹਿਰੀ ਸਮਝ ਨਾਲ ਜੋੜ ਦਿੰਦੀ ਹੈ। ਆਪਣੇ ਰੇਖਿਕ ਪ੍ਰਗਤੀਸ਼ੀਲ ਬਿਰਤਾਂਤਾਂ (ਲੀਨੀਅਰ ਪਰੋਗਰੈਸਿਵ ਨੈਰੇਟਿਵਜ਼) ਅਤੇ ਸਥਿਰ ਪਛਾਣਾਂ ਉਪਰ ਉੱਸਰੇ ਰਵਾਇਤੀ ਕਿਸਮ ਦੇ ਮਾਨਵਵਾਦੀ ਫਰੇਮਵਰਕ ਸਮਕਾਲੀ ਅਨੁਭਵ ਨੂੰ ਕੈਪਚਰ ਕਰਨ ਵਿਚ ਪੂਰੀ ਤਰ੍ਹਾਂ ਅਸਮਰੱਥ ਹੋ ਚੁੱਕੇ ਹਨ। ਇਸ ਪੇਪਰ ਰਾਹੀਂ ਇਹ ਧਾਰਨਾ ਪੇਸ਼ ਕਰਨ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਸਮਕਾਲੀ ਕਵਿਤਾ ਵਿਚ ਪੇਸ਼ ਹੋਣ ਵਾਲੀ ਰੂਪਕੀ ਸੋਚ (ਮੈਟਾਫੋਰਿਕ ਥਿੰਕਿੰਗ), ਵਰਤਮਾਨ ਸਮਿਆਂ ਵਿਚ ਮਾਨਵੀ ਸਥਿਤੀ ਦੇ ਹਾਈਪਰ-ਨੈਟਵਰਹਕ ਨੂੰ ਸਮਝਣ ਅਤੇ ਪ੍ਰਗਟ ਕਰਨ ਲਈ ਮਹੱਤਵਪੂਰਨ ਸਾਧਨ ਪ੍ਰਦਾਨ ਕਰਦੀ ਹੈ।

ਸੁਰਜੀਤ ਪਾਤਰ ਦੀ ਕਵਿਤਾ "ਹੁਣ ਘਰ ਪਰਤਣਾ" ਦੀਆਂ ਇਹਨਾਂ ਸਤਰਾਂ 'ਤੇ ਗੌਰ ਕਰੋ:

*ਮੱਥੇ ਉੱਤੇ ਮੌਤ ਦਸਖ਼ਤ ਕਰ ਗਈ ਹੈ*
*ਚਿਹਰੇ ਉੱਤੇ ਯਾਰ ਪੈੜਾਂ ਛੱਡ ਗਏ ਨੇ*
*ਸ਼ੀਸ਼ੇ ਵਿਚੋਂ ਹੋਰ ਕੋਈ ਝਾਕਦਾ ਹੈ*

ਇੱਥੇ, ਉਹ ਆਪਣੀ ਪਛਾਣ ਨੂੰ, ਇਕੋ ਸਮੇਂ ਮੋਏ ਅਤੇ ਜੀਂਦੇ, ਜਾਣੇ ਪਛਾਣੇ ਅਤੇ ਅਜਨਬੀ ਰੂਪਾਂ ਦੀ ਕੁਅਟਮ ਅਵਸਥਾ (ਸੁਪਰਪੋਜ਼ੀਸ਼ਨ) ਵਿਚ ਅਨੁਭਵ ਕਰਦਾ ਹੈ, ਜਿੱਥੇ ਸਵੈ (ਸੈਲਫ) ਅਤੇ ਹੋਰ (ਅਦਰ), ਅਤੀਤ ਅਤੇ ਵਰਤਮਾਨ, ਅਸਲੀਅਤ ਅਤੇ ਕਲਪਨਾ ਵਿਚਕਾਰ ਰਵਾਇਤੀ ਸੀਮਾਵਾਂ ਭੰਗ ਹੋ ਜਾਂਦੀਆਂ ਹਨ।

ਇਸੇ ਤਰ੍ਹਾਂ, "ਲ਼ਫਜ਼ ਬਹੁਤ ਹਲਕੇ ਹੁੰਦੇ ਹਨ" ਵਿਚ, ਸੁਰਜੀਤ ਪਾਤਰ ਲਿਖਦੇ ਹਨ:

*ਲ਼ਫ਼ਜ਼ ਬਹੁਤ ਹਲਕੇ ਹੁੰਦੇ ਹਨ*
*ਕਿਤਿਓਂ ਚੁੱਕ ਕੇ ਕਿਤੇ ਵੀ ਰੱਖੋ*

*ਲ਼ਫ਼ਜ਼ ਸਮੁੰਦਰ ਚੁੱਕੋ*
*ਉਸਨੂੰ ਹੱਸਦਾ ਹੈ ਲਾਗੇ ਰੱਖੋ*
*ਲਿਖੋ: ਸਮੁੰਦਰ ਹੱਸਦਾ ਹੈ*

*ਲ਼ਫ਼ਜ਼ ਦਰਖ਼ਤ ਉਠਾਓ*
*ਉਸਨੂੰ ਤੁਰਦੇ ਹੋਏ ਲਾਗੇ ਰੱਖੋ*
*ਤੁਰਦੇ ਹੋਏ ਦਰਖ਼ਤ ਲਿਖੋ*


(ਪੰਨੇ 16-26)
**www.sanvad.org**
ISSN : 2395-1273

*ਲਿਖੋ ਛਣਕਦੇ ਤਾਰੇ*
*ਗਾਉਂਦਾ ਚੰਨ*
*ਗੂੰਜਦਾ ਅੰਬਰ*

*ਬੱਸ ਦੋ ਲਫ਼ਜ਼ ਉਠਾਓ, ਜੋੜੋ*
*ਸਾਵਾ ਸੂਰਜ ਉਦੈ ਕਰੋ*
*ਤੇ ਸੰਦਲੀ ਚੰਨ ਚੜ੍ਹਾਓ*
*ਉਡਦੇ ਹੋਏ ਚਿਰਾਗ ਬਣਾਓ*

*ਕਿੰਨਾ ਸੌਖਾ ਕੰਮ ਹੈ*
*ਲਫ਼ਜ਼ ਉਠਾਉਣੇ*
*ਚੁੱਕ ਕੇ ਕਿਤੇ ਟਿਕਾਉਣੇ*
*ਮੁਸ਼ਕਲ ਤਾਂ ਬੱਸ ਇਹ ਤੱਕਣਾ ਹੈ*
*ਕਿੱਥੋਂ ਚੁੱਕ ਕੇ ਕਿੱਥੇ ਰੱਖਣਾ ਹੈ*

*ਮੁਸ਼ਕਲ ਤਾਂ ਬੱਸ ਇਹ ਤੱਕਣਾ ਹੈ*
*ਕਿੱਥੇ ਰੱਖੀਏ*
*ਜਿੱਥੇ ਰੱਖਿਆਂ*
*ਸਦੀਆਂ ਤੀਕ ਰਹਿਣ ਉਹ ਰੱਖੇ*

ਇਹ ਵਿਰੋਧਾਭਾਸ, ਜਿੱਥੇ ਸਾਡੇ ਸ਼ਬਦ ਹਲਕੇ ਅਤੇ ਅਸਥਾਈ ਹੋਣ ਦੇ ਬਾਵਜੂਦ ਸਥਾਈ ਪ੍ਰਭਾਵ ਪਾਉਣ ਦੇ ਸਮਰੱਥ ਹੋਣ, ਮਨੁੱਖੀ ਹਕੀਕਤ ਦੀ ਕੁਆਂਟਮ ਪ੍ਰਕਿਰਤੀ ਨੂੰ ਹੀ ਦਰਸਾਉਂਦਾ ਹੈ। ਇਕ ਅਜਿਹੀ ਪ੍ਰਕਿਰਤੀ ਜਿੱਥੇ ਅਰਥ ਨਿਰੀਖਣ ਅਤੇ ਪ੍ਰਸੰਗਿਤ ਹੋਣ ਤੱਕ ਸੁਪਰਪੋਜਸ਼ਿਨ ਵਿਚ ਮੌਜੂਦ ਰਹਿੰਦੇ ਹਨ।

ਉੱਤਰ-ਮਾਨਵਵਾਦੀ ਸਥਿਤੀ ਰੇਖਿਕੀ ਕਾਲਿਕਤਾ ਨੂੰ ਵੀ ਡਿਸਰਪਟ ਕਰ ਦਿੰਦੀ ਹੈ ਜਿਸਨੂੰ ਭੌਤਿਕ ਵਿਗਿਆਨ ਦੀ ਭਾਸ਼ਾ ਵਿਚ ਟੈਂਪੋਰਲ ਐਂਟੈਂਗਲਮੈਂਟ ਦਾ ਨਾਮ ਦਿੱਤਾ ਜਾਂਦਾ ਹੈ:

*ਡਰ ਜਾਏਗੀ ਮੇਰੀ ਮਾਂ*
*ਮੇਰਾ ਪੁੱਤਰ ਮੇਰੇ ਤੋਂ ਵੱਡੀ ਉਮਰ ਦਾ*
*ਕਿਹੜੇ ਸਾਧੂ ਦਾ ਸਰਾਪ*
*ਕਿਸ ਸ਼ਰੀਕਣ ਚੰਦਰੀ ਦੇ ਟੂਣੇ ਟਾਮਣ ਨਾਲ ਹੋਇਆ*
*ਹੁਣ ਘਰਾਂ ਨੂੰ ਪਰਤਣਾ ਚੰਗਾ ਨਹੀ ਹੈ*

ਵਖਰੇਵਿਆਂ, ਵਿਰੋਧਭਾਸਾਂ, ਦੂਰੀਆਂ ਅਤੇ ਅਨਿਸ਼ਚਿਤਾਵਾਂ ਦਾ ਇਕੋ ਸਮੇਂ ਸਾਂਝੇ ਨੈੱਟਵਰਕ ਵਿਚ ਸੰਗਠਿਤ ਅਨੁਭਵ ਪੇਸ਼ ਕਰਨਾ ਤਾਰਕਿਕ ਬਿਰਤਾਂਤ (ਕਾਉਜ਼ਲ ਨੈਰੇਟਿਵ) ਦੇ ਵੱਸ ਦੀ ਗੱਲ ਨਹੀਂ ਸੀ। ਇਹ ਰੂਪਕ (ਪੋਇਟਕ ਮੈਟਾਫਰ) ਦਾ ਕੰਮ ਹੈ। ਕਿਤੇ ਤੁਸੀਂ ਇਹ ਤਾਂ ਨਹੀਂ ਸੋਚਣ ਲੱਗ ਪਏ ਕਿ ਅਸੀਂ ਬਿਰਤਾਂਤਕ ਚੇਤਨਾ ਤੋਂ ਕਾਵਿਕ ਚੇਤਨਾ ਵੱਲ ਵਧ ਰਹੇ ਹਾਂ। ਜੇਕਰ ਇਹ ਸੋਚ ਰਹੇ ਹੋ ਤਾਂ ਕੋਈ ਗਲਤ ਨਹੀਂ ਸੋਚ ਰਹੇ। ਪਰੇਸ਼ਾਨ ਹੋਣ ਦੀ ਲੋੜ ਨਹੀਂ। ਬਿਰਤਾਂਤ ਵੀ ਛੇਤੀ ਹੀ ਮੈਟਾਫਰ ਨਾਲ ਰਿਸ਼ਤਾ ਜੋੜ ਲਵੇਗਾ। ਜਸਬੀਰ ਮੰਡ ਆਪਣੇ ਨਵੇਂ ਨਾਵਲ 'ਚੁਰਾਸੀ ਲੱਖ ਯਾਦਾਂ' ਵਿਚ ਤਾਂ ਇਹੋ ਕਰ ਰਿਹਾ ਹੈ।

ਇਨ੍ਹਾਂ ਕਵਿਤਾਵਾਂ ਦੇ ਅਧਿਐਨ ਰਾਹੀਂ ਇਹ ਵੀ ਸਮਝ ਆ ਜਾਂਦਾ ਹੈ ਕਿ ਰੂਪਕੀ ਸੋਚ ਰਾਹੀਂ, ਉੱਤਰ-ਮਾਨਵਵਾਦੀ ਚੇਤਨਾ ਦਾ ਨਿਰਮਾਣ ਕਰਨ ਵਾਲੇ ਨੈੱਟਵਰਕ ਕਿੰਝ ਉੱਭਰਨ ਲਗਦੇ ਹਨ। ਸੁਰਜੀਤ ਪਾਤਰ ਦੀ ਕਵਿਤਾ ਦੇ ਅਰਥ ਵਿਅਕਤੀਗਤ ਰੂਪਕਾਂ 'ਚੋਂ ਨਹੀਂ ਬਲਕਿ ਉਨ੍ਹਾਂ ਦੀ ਨੈੱਟਵਰਕੀ ਅੰਤਰ-ਸਬੰਧਤਾ ਵਿਚੋਂ ਉੱਭਰਦੇ ਹਨ।

ਰਵਾਇਤੀ ਕਿਸਮ ਦੇ ਸਾਹਿਤਕ ਸਿਧਾਂਤ ਨੇ ਰੂਪਕ ਨੂੰ ਹਮੇਸ਼ਾ ਨੁਮਾਇੰਦਗੀ ਦੇ ਇਕ ਪ੍ਰਤੀਨਿਧ ਸਾਧਨ (ਰੀਪਰੀਜ਼ੈਂਟੇਸ਼ਨਲ ਡਿਵਾਈਸ) ਵਜੋਂ ਹੀ ਦੇਖਿਆ ਹੈ - ਤੁਲਨਾ ਰਾਹੀਂ ਅਸਲੀਅਤ ਦਾ ਵਰਣਨ ਕਰਨ ਦੇ ਇਕ

ਤਰੀਕੇ ਵਜੋਂ। ਪਰ ਪਾਤਰ ਦੀ ਕਵਿਤਾ ਦਾ ਉਪ੍ਰੋਕਤ ਵਿਸ਼ਲੇਸ਼ਣ ਸਪਸ਼ਟ ਕਰ ਦਿੰਦਾ ਹੈ ਕਿ ਰੂਪਕ, ਪਾਠਕ/ਔਬਜ਼ਰਬਰ ਲਈ ਨਵੀਂ ਹਕੀਕਤ ਦੀ ਚੋਣ/ਨਿਰਮਾਣ ਵਾਸਤੇ ਸੰਭਾਵਨਾਵਾਂ ਦਾ ਅਨਿਸ਼ਚਿਤ ਧਰਾਤਲ ਨਿਰਮਿਤ ਕਰਦਾ ਹੈ।

ਪਾਤਰ ਅਸੰਭਵ ਚੀਜ਼ਾਂ ਦਾ ਵਰਣਨ ਨਹੀਂ ਕਰ ਰਿਹਾ ਬਲਕਿ ਨਵੀਆਂ ਹਕੀਕਤਾਂ ਪੈਦਾ ਕਰਨ ਲਈ ਭਾਸ਼ਾ ਦੀ ਸ਼ਕਤੀ ਦਾ ਪ੍ਰਦਰਸ਼ਨ ਕਰ ਰਿਹਾ ਹੈ। ਇਸ ਤਰ੍ਹਾਂ ਉਹ ਸਾਹਿਤਕ ਸਿਧਾਂਤ ਨੂੰ ਨੁਮਾਇੰਦਗੀ ਦੇ ਪ੍ਰਸ਼ਨਾਂ ਤੋਂ ਹਕੀਕਤ ਨਿਰਮਾਣ ਦੇ ਪ੍ਰਸ਼ਨਾਂ ਵੱਲ ਲੈ ਜਾਂਦਾ ਹੈ।

**"ਹੁਣ ਘਰਾਂ ਨੂੰ ਪਰਤਣਾ"** ਵਿਚ ਅਸੀਂ ਬਿਰਤਾਂਤ ਦੀਆਂ ਪ੍ਰਗਤੀਵਾਦੀ ਧਾਰਨਾਵਾਂ ਉੱਪਰ ਟਿਕੀ ਰਵਾਇਤੀ ਕਹਾਣੀ ਨੂੰ ਟੁੱਟਦਿਆਂ ਸਪਸ਼ਟ ਦੇਖ ਸਕਦੇ ਹਾਂ:

*ਆਪਣੀ ਹੀ ਲਾਸ਼ ਢੋਂਦਾ ਆਦਮੀ*
*ਪਤੀ ਦੇ ਸਜਰੇ ਸਿਵੇ ਤੇ ਮਾਸ ਰਿੰਨ੍ਹਦੀ ਰੰਨ*
*ਕਿਸੇ ਹੈਮਲਟ ਦੀ ਮਾਂ*
*ਸਰਦੀਆਂ ਵਿੱਚ ਬੰਦਿਆ ਦੇ ਸਿਵੇ ਸੇਕਣ ਵਾਲਾ ਰੱਬ*
*ਜਿਨ੍ਹਾਂ ਅੱਖਾਂ ਨਾਲ ਦੇਖੇ ਨੇ ਦੁਖਾਂਤ*
*ਕਿਸ ਤਰਾਂ ਮੇਲਾਂਗਾ ਅੱਖਾਂ*
*ਆਪਣੇ ਬਚਪਨ ਦੀ ਮੈਂ ਤਸਵੀਰ ਨਾਲ*
*ਆਪਣੇ ਨਿੱਕੇ ਘਰ ਨਾਲ*

*ਸ਼ਾਮ ਨੂੰ ਜਦ ਮੜ੍ਹੀ ਤੇ ਦੀਵਾ ਬਲੇਗਾ*
*ਗੁਰਦੁਆਰੇ ਸੰਖ ਵੱਜੇਗਾ*
*ਉਹ ਬਹੁਤ ਆਵੇਗਾ ਯਾਦ*
*ਉਹ ਕਿ ਜਿਹੜਾ ਮਰ ਗਿਆ ਹੈ*
*ਉਹ ਕਿ ਜਿਸ ਦੀ ਮੌਤ ਦਾ*
*ਇਸ ਭਰੀ ਨਗਰੀ 'ਚ ਬਸ ਮੈਨੂੰ ਪਤਾ ਹੈ*

*ਜੇ ਕਿਸੇ ਨੇ ਹੁਣ ਮੇਰੇ ਮਨ ਦੀ ਤਲਾਸ਼ੀ ਲੈ ਲਈ*
*ਬਹੁਤ ਰਹਿ ਜਾਵਾਂਗਾ ਕੱਲਾ*
*ਕਿਸੇ ਦੁਸ਼ਮਣ ਦੇਸ਼ ਦੇ ਜਾਸੂਸ ਵਾਂਗ*
*ਹੁਣ ਘਰਾਂ 'ਚ ਵੱਸਣਾ ਸੌਖਾ ਨਹੀਂ ਹੈ*
*ਚਿਹਰੇ ਉੱਤੇ ਯਾਰ ਪੈੜਾਂ ਛੱਡ ਗਏ ਨੇ*
*ਸ਼ੀਸ਼ੇ ਵਿਚੋਂ ਹੋਰ ਕੋਈ ਝਾਂਕਦਾ ਹੈ*

ਇਹ ਚਿੱਤਰ ਕ੍ਰਮ (ਲੀਨੀਅਰ ਟੈਂਪੋਰਲ ਔਰਡਰ) ਵਿਚ ਨਹੀਂ ਬਲਕਿ ਸੰਪੂਰਨਤਾ ਵਿਚ ਮੌਜੂਦ ਹਨ, ਜਿਸ ਨੂੰ ਅਸੀਂ "ਕੁਆਂਟਮ ਬਿਰਤਾਂਤ" ਕਹਿੰਦੇ ਹਾਂ- ਜਿੱਥੇ ਕਈ ਕਹਾਣੀ-ਅਵਸਥਾਵਾਂ ਕ੍ਰਮਵਾਰ ਹੋਣ ਦੀ ਬਜਾਏ ਇਕੋ ਸਮੇਂ ਮੌਜੂਦ ਰਹਿੰਦੀਆਂ ਹਨ।

ਉੱਤਰ-ਮਾਨਵਵਾਦੀ ਕਵਿਤਾ ਨੂੰ ਸਮਝਣ ਲਈ, ਨੈੱਟਵਰਕ ਵਿਸ਼ਲੇਸ਼ਣ 'ਤੇ ਅਧਾਰਤ ਇਹ ਵਿਧੀ ਅਪਣਾਈ ਜਾ ਸਕਦੀ ਹੈ:

1. ਰੂਪਕ ਨੈੱਟਵਰਕ ਮੈਪਿੰਗ :
   - ਮੁਖ ਰੂਪਕ ਨੋਡਾਂ ਦੀ ਪਛਾਣ ਕਰਨਾ
   - ਰੂਪਕਾਂ ਵਿਚਕਾਰ ਸਬੰਧਾਂ ਦਾ ਪਤਾ ਲਗਾਉਣਾ
   - ਅਰਥ 'ਤੇ ਨੈੱਟਵਰਕ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਨਾ
2. ਕੁਆਂਟਮ ਸਟੇਟ ਵਿਸ਼ਲੇਸ਼ਣ :
   - ਸੁਪਰਪੋਜ਼ਡ ਅਰਥਾਂ ਦੀ ਪਛਾਣ ਕਰਨਾ


**www.sanvad.org**
ISSN : 2395-1273

- ਆਬਜ਼ਰਵਰ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਨਾ
- ਅਰਥਾਂ ਦੇ ਕੋਲੈਪਸ ਅਤੇ ਉਭਾਰ ਦਾ ਪਿੱਛਾ ਕਰਨਾ

3. ਟੈਂਪੋਰਲ ਮੈਪਿੰਗ:
   - ਟੈਂਪੋਰਲ ਰੁਕਾਵਟਾਂ ਦੀ ਪਛਾਣ ਕਰਨਾ
   - ਟੈਂਪੋਰਲ ਸਿਮਲਟੇਨੀਅਟੀ ਦਾ ਵਿਸ਼ਲੇਸ਼ਣ ਕਰਨਾ
   - ਟੈਂਪੋਰਲ ਐਂਟੈਂਗਲਮੈਂਟਸ ਨੂੰ ਟਰੈਕ ਕਰਨਾ

ਉਦਾਹਰਣ ਵਜੋਂ, ਜੇਕਰ ਅਸੀਂ ਇਸ ਵਿਧੀ ਨੂੰ ਸੁਰਜੀਤ ਪਾਤਰ ਦੀਆਂ ਉਪ੍ਰੋਕਤ ਰਚਨਾਵਾਂ 'ਤੇ ਲਾਗੂ ਕਰੀਏ ਤਾਂ ਕਈ ਪੈਟਰਨ ਸਾਹਮਣੇ ਆਉਂਦੇ ਹਨ:

1. ਪਛਾਣ ਨੈੱਟਵਰਕ:

ਸ਼ੀਸ਼ਾ — ਅਜਨਬੀ —ਮੌਤ ਦੀ ਮੋਹਰ — ਦੋਸਤਾਂ ਦੇ ਪੈਰਾਂ ਦੇ ਨਿਸ਼ਾਨ
|
ਪਛਾਣ ਅਸੰਭਵਤਾ
|
ਉੱਤਰ-ਮਾਨਵਵਾਦੀ ਸਥਿਤੀ

2. ਟੈਂਪੋਰਲ ਨੈੱਟਵਰਕ:

|
ਅਤੀਤ (ਬਚਪਨ) —— ਵਰਤਮਾਨ (ਵਾਪਸੀ) —— ਭਵਿੱਖ (ਅਸੰਭਵ)
| | |
ਯਾਦ — ਤਬਦੀਲੀ — ਅਨਿਸ਼ਚਿਤਤਾ

ਚਲੋ ਹੁਣ ਉੱਤਰ-ਮਾਨਵਵਾਦੀ ਕਾਵਿ-ਸ਼ਾਸਤਰ ਦੀਆਂ ਭਵਿੱਖ-ਮੁਖੀ ਦਿਸ਼ਾਵਾਂ ਨੂੰ ਸਮਝਣ ਦਾ ਯਤਨ ਕਰਦੇ ਹਾਂ। ਸਭ ਤੋਂ ਪਹਿਲਾਂ ਤਾਂ ਇਹੋ ਦੇਖਣਾ ਪਵੇਗਾ ਕਿ ਉਤਰ-ਮਾਨਵਵਾਦੀ ਕਵਿਤਾ ਚੇਤਨਾ ਦੇ ਜਿਹੜੇ ਨਵੇਂ ਰੂਪਾਂ ਵੱਲ ਇਸ਼ਾਰਾ ਕਰਦੀ ਹੈ ਉਹ ਕੀ ਹਨ, ਉਨ੍ਹਾਂ ਦੀ ਕੀ ਵਿਸ਼ੇਸ਼ਤਾ ਹੈ:

1. ਇਕੋ ਸਮੇਂ ਕਈ ਪਛਾਣਾਂ
2. ਗ਼ੈਰ-ਰੇਖਿਕ ਅਸਥਾਈ ਅਨੁਭਵ
3. ਨੈੱਟਵਰਕ-ਆਧਾਰਤ ਅਰਥ ਸਿਰਜਣਾ
4. ਹਕੀਕਤ ਨੂੰ ਪਛਾਨਣ ਦੀ ਬਜਾਏ ਉਸਦਾ ਨਿਰਮਾਣ ਕਰਨਾ

ਸਭ ਤੋਂ ਮਹੱਤਵਪੂਰਨ ਗੱਲ ਤਾਂ ਉੱਤਰ-ਮਾਨਵਵਾਦੀ ਕਵਿਤਾ ਦੀ ਕੁਆਂਟਮ ਪ੍ਰਕਿਰਤੀ ਦੀ ਡਿਜੀਟਲ ਚੇਤਨਾ ਲਈ ਪ੍ਰਾਸੰਗਿਕਤਾ ਅਤੇ ਉਸਦੇ ਮਹੱਤਵ ਨੂੰ ਸਮਝਣਾ ਹੋਵੇਗਾ:

- ਹਾਈਪਰਟੈਕਸਟ ਨੂੰ ਕੁਆਂਟਮ ਬਿਰਤਾਂਤ ਵਜੋਂ ਸਮਝਣਾ
- ਡਿਜੀਟਲ ਪਛਾਣ ਨੂੰ ਸੁਪਰਪੋਜਸ਼ਿਨ ਵਜੋਂ
- ਨੈੱਟਵਰਕ ਪ੍ਰਭਾਵਾਂ ਦੇ ਅਰਥ ਨਿਰਮਾਣ (ਮੀਨਿੰਗ ਕਰੀਏਸ਼ਨ) ਵਿਚ ਰੋਲ ਨੂੰ ਸਮਝਣਾ
- ਵਰਚੁਅਲ ਰਿਐਲਿਟੀ ਰੂਪਕ ਸਪੇਸ (ਮੈਟਾਫੌਰਿਕ ਸਪੇਸ) ਵਜੋਂ ਸਮਝਣਾ

ਨਿਰਣਿਆਂ ਦੀ ਨੁਕਤਿਆਂ ਦੇ ਰੂਪ ਵਿਚ ਗੱਲ ਕਰਨੀ ਹੋਵੇ ਤਾਂ ਮੈਂ ਕਹਿ ਸਕਦਾ ਹਾਂ ਕਿ ਮੈਟਾਫਰ ਨੂੰ ਬਦਲ ਰਹੀਆਂ ਸਥਿਤੀਆਂ ਵਿਚ ਰੂਪਕ (ਮੈਟਾਫਰ) ਨੂੰ ਕੁਆਂਟਮ ਵਰਤਾਰੇ ਵਜੋਂ ਸਮਝਣ ਦੀ ਲੋੜ ਹੈ:

1. ਕਵਿਤਾ ਯਥਾਰਥ ਦੀ ਪੇਸ਼ਕਾਰੀ ਨਹੀਂ ਕਰਦੀ, ਉਸਦਾ ਨਿਰਮਾਣ ਕਰਦੀ ਹੈ।
2. ਉੱਤਰ-ਮਾਨਵਵਾਦੀ ਚੇਤਨਾ ਵਿਅਕਤੀਗਤ ਰੇਖਿਕ ਚੇਤਨਾ ਨਹੀਂ ਨੈੱਟਵਰਕ ਹੈ
3. ਪਛਾਣ ਇਕਵਚਨੀ ਨਹੀਂ ਬਹੁਵਚਨੀ ਸਿਮਲਟੇਨੀਅਟੀ ਹੁੰਦੀ ਹੈ

ਮੈਂ ਸਮਝਦਾ ਹਾਂ ਕਿ ਇਸ ਵਿਕਸਤ ਹੋ ਰਹੀ ਨਵੀਂ ਸਮਝ ਨੂੰ ਸਾਹਿਤਕ ਵਿਸ਼ਲੇਸ਼ਣ ਤਕ ਸੀਮਤ ਨਾ ਰੱਖਦੇ ਹੋਏ ਡਿਜੀਟਲ ਹਿਊਮੈਨਟੀਜ਼, ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਚੇਤਨਾ ਅਧਿਐਨ ਦੇ ਵਿਕਾਸ ਲਈ ਵੀ ਵੱਡੇ ਪੱਧਰ ’ਤੇ ਉਪਯੋਗ ਵਿਚ ਲਿਆਉਣ ਦੀ ਲੋੜ ਹੈ। ਅਸੀਂ ਸਭ ਜਾਣਦੇ ਹਾਂ ਕਿ ਕਵਿਤਾ ਵਿਚ ਮੈਟਾਫਰ ਦਾ ਉਪਯੋਗ ਪਹਿਲੀ ਵਾਰ ਨਹੀਂ ਹੋਇਆ, ਹਮੇਸ਼ਾ ਤੋਂ ਹੀ ਹੁੰਦਾ ਆਇਆ ਹੈ। ਗੱਲ ਤਾਂ ਸਿਰਫ ਮੈਟਾਫਰ ਦੇ ਮਹੱਤਵ ਨੂੰ ਸਮਝਣ ਦੀ ਹੈ। ਭਾਸ਼ਾ ਅਤੇ ਕਵਿਤਾ ਦੀ ਇਸ ਅਸੀਮ ਸ਼ਕਤੀ ਨੂੰ ਸਮਝ ਕੇ ਨਵੇਂ ਯੁਗ ਦੇ ਨਿਰਮਾਣ ਵਿਚ ਲਗਾਉਣ ਦੀ ਹੈ।

ਸ਼ਬਦਾਂ ਦਾ ਹਲਕਾਪਣ, ਜਿਵੇਂ ਕਿ ਸੁਰਜੀਤ ਪਾਤਰ ਵਰਨਣ ਕਰਦੇ ਹਨ, ਉਨ੍ਹਾਂ ਦੀ ਕਮਜ਼ੋਰੀ ਨਹੀਂ ਬਲਕਿ ਉਨ੍ਹਾਂ ਦੀ ਤਾਕਤ ਹੈ- ਸ਼ਬਦਾਂ ਦੀ ਕੁਆਂਟਮ ਪ੍ਰਕਿਰਤੀ ਉਨ੍ਹਾਂ ਨੂੰ ਇਕੋ ਸਮੇਂ ਕਈ ਹਕੀਕਤਾਂ ਪੈਦਾ ਕਰਨ ਦੀ ਆਗਿਆ ਦਿੰਦੀ ਹੈ। ਇਸ ਤਰ੍ਹਾਂ ਉੱਤਰ-ਮਾਨਵਵਾਦੀ ਕਵਿਤਾ ਨਾ ਸਿਰਫ ਇਕ ਕਲਾਤਮਕ ਰੂਪ ਬਣ ਜਾਂਦੀ ਹੈ ਬਲਕਿ ਮਨੁੱਖੀ ਚੇਤਨਾ ਨੂੰ ਸਮਝਣ ਅਤੇ ਨੈਵੀਗੇਟ ਕਰਨ ਲਈ ਇਕ ਮਹੱਤਵਪੂਰਣ ਸਾਧਨ ਬਣ ਜਾਂਦੀ ਹੈ।

**ਏਜੰਸੀ, ਫਰੀ-ਵਿਲ ਅਤੇ ਸਿਰਜਣਾ:**

ਇਹ ਤਾਂ ਹੁਣ ਅਸੀਂ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਕੁਅੰਟਮੀ ਸਿਧਾਂਤਾਂ ਅਨੁਸਾਰ ਮਾਦਾ ਇਕੋ ਵੇਲੇ ਕਣਾਂ ਅਤੇ ਤਰੰਗਾਂ ਦੇ ਦੋਨਾਂ ਰੂਪਾਂ ਵਿਚ ਮੌਜੂਦ ਹੁੰਦਾ ਹੈ। ਇਹ ਦੇਖਣ ਵਾਲੇ ਦੀ ਨਜ਼ਰ ਉੱਪਰ ਨਿਰਭਰ ਕਰਦਾ ਹੈ ਕਿ ਉਹ ਉਸਨੂੰ ਕਣਾਂ ਦੇ ਰੂਪ ਵਿਚ ਦੇਖਦਾ ਹੈ ਕਿ ਤਰੰਗਾਂ ਦੇ ਰੂਪ ਵਿਚ। ਦੇਖਣ ਲਈ ਕਿਸ ਕਿਸਮ ਦਾ ਐਕਸਪੈਰੀਮੈਂਟ ਸੈੱਟ ਕਰਦਾ ਹੈ। ਕੁਅੰਟਮ ਮਕੈਨਿਕਸ ਨੇ ਇਸਨੂੰ ਸੁਪਰਡਾਈਵਰਸਿਟੀ ਦਾ ਨਾਮ ਦਿੱਤਾ ਹੋਇਆ ਹੈ। ਅਸੀਂ ਦੇਖ ਆਏ ਹਾਂ ਕਿ ਸੁਪਰਡਾਈਵਰਸਿਟੀ ਦੀ ਇਹ ਸਥਿਤੀ ਕੇਵਲ ਮਾਦੇ ਵਿਚ ਹੀ ਨਹੀਂ, ਸ਼ਬਦਾਂ ਵਿਚ ਵੀ ਦੇਖੀ ਜਾਂਦੀ ਹੈ। ਮਾਦੇ ਵਾਂਗ ਸ਼ਬਦ ਵੀ ਇਕੋ ਵੇਲੇ ਅਨੇਕ ਅਰਥ-ਰੂਪਾਂ ਵਿਚ ਮੌਜੂਦ ਰਹਿੰਦੇ ਹਨ, ਅਤੇ ਇਹ ਲੇਖਕ/ ਬੁਲਾਰੇ ਉੱਪਰ ਨਿਰਭਰ ਕਰਦਾ ਹੈ ਕਿ ਉਹ ਵਾਕ ਰਚਨਾ ਰਾਹੀਂ ਉਸਦੇ ਕਿਹੜੇ ਅਰਥ ਫਿਕਸ (ਨਿਸ਼ਚਿਤ) ਕਰਦਾ ਹੈ। ਕਿਸ ਕਿਸਮ ਦੇ ਐਕਸਪੈਰੀਮੈਂਟ (ਵਾਕ) ਵਿਚ ਫਿਟ ਕਰਦਾ ਹੈ। ਇਹ ਗੱਲ ਅਸੀਂ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਵੀ ਅਕਸਰ ਦੇਖਦੇ ਹਾਂ। ਸਾਨੂੰ ਇਕੋ ਵੇਲੇ ਕਈ ਔਪਸ਼ਨਜ਼ ਉਪਲਬਧ ਹੁੰਦੀਆਂ ਹਨ, ਉਨ੍ਹਾਂ ਵਿਚੋਂ ਅਸੀਂ ਕਿਹੜੀ ਔਪਸ਼ਨ ਦੀ ਚੋਣ ਕਰਦੇ ਹਾਂ, ਇਹ ਸਾਡੀ ਐਥੀਕੋ-ਪੁਲਿਟੀਕਲ ਡਿਸੀਜ਼ਨ ਮੇਕਿੰਗ ਉੱਪਰ ਨਿਰਭਰ ਕਰਦਾ ਹੈ।

ਗੱਲ ਕੀ ਮਾਦਾ, ਕੁਦਰਤ, ਕਿਰਤ, ਸ਼ਬਦ, ਸੁਰਤਿ, ਸਮਾਜ, ਸਭ ਅਨਿਸ਼ਚਿਤਤਾ ਦੇ ਧਰਾਤਲ ’ਤੇ ਮੌਜੂਦ ਰਹਿੰਦੇ ਹਨ। ਇਹ ਸਾਡੇ (ਏਜੰਸੀ) ’ਤੇ ਨਿਰਭਰ ਕਰਦਾ ਹੈ ਕਿ ਅਸੀਂ ਉਨ੍ਹਾਂ ਅਨੇਕ ਸੰਭਾਵਨਾਵਾਂ ਵਿਚੋਂ ਕਿਹੜੀ ਸੰਭਾਵਨਾ ਦੀ ਚੋਣ ਕਰਦੇ ਹਾਂ। ਕਿਸ ਸੰਭਾਵਨਾ ਨੂੰ ਹਕੀਕਤ ਦਾ ਜਾਮਾ ਪਹਿਨਾਉਂਦੇ ਹਾਂ। ਕਿਹੜੇ ਤਕਨੀਕੀ ਜਾਂ ਐਥੀਕੋ-ਪੁਲਿਟੀਕਲ ਡਿਸਕੋਰਸ ਵਿਚ ਫਿਟ ਕਰਦੇ ਹਾਂ। ਥੋੜ੍ਹਾ ਡੂੰਘਾਈ ਵਿਚ ਜਾ ਕੇ ਸੋਚਾਂਗੇ ਤਾਂ ਡਾਰਵਿਨ ਦੀ ਜੈਵਿਕ ਵਿਕਾਸ ਦੀ ਧਾਰਨਾ ਪਿੱਛੇ ਵੀ ਚੋਣ ਦਾ ਇਹੋ ਸਿਧਾਂਤ ਕੰਮ ਕਰਦਾ ਦਿਖਾਈ ਦੇਵੇਗਾ। ਕੁਦਰਤ ਦੀ ਏਜੰਸੀ ਦੁਆਰਾ ਕੀਤੀ ਜਾਣ ਵਾਲੀ ਚੋਣ ਦੀ ਧਾਰਨਾ ਦਾ ਸਿਧਾਂਤ। ਡਾਰਵਿਨ ਕੁਦਰਤ ਦੀ ਏਜੰਸੀ ਦੇ ਰੋਲ ਨੂੰ ‘ਸਰਵਾਈਵਲ ਆਫ਼ ਦ ਫਿਟਿਸਟ’ ਤਕ ਘਟਾ ਕੇ ਇਸ ਨਾਲ ਨਾਇਨਸਾਫੀ ਕਰਦੇ ਹਨ। ਮਾਨਵ ਏਜੰਸੀ ਦੇ ਰੋਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਹਕੀਕਤ ਦੇ ਨਿਰਮਾਣ ਅਤੇ ਤਬਦੀਲੀ ਵਿਚ ਏਜੰਸੀ ਪ੍ਰਮੁਖ ਰੋਲ ਅਦਾ ਕਰਦੀ ਹੈ। ਸਾਨੂੰ ਸਟਰਕਚਰਲ ਡਿਟਰਮਨਿਜ਼ਮ ਅਤੇ ਸਿਸਟਮ ਆਊਟਪੁਟ ਦੀਆਂ ਧਾਰਨਾਵਾਂ ਨੂੰ ਰੱਦ ਕਰਕੇ ਏਜੰਸੀ ਦੀ ਫਰੀ ਵਿਲ ਨੂੰ ਸਮਝਣ ਦੀ ਲੋੜ ਹੈ। ਫਰੀ ਵਿਲ ਹੁੰਦੀ ਹੈ ਜਾਂ ਨਹੀਂ, ਇਸ ਸੁਆਲ ਤੋਂ ਅੱਗੇ ਜਾ ਕੇ ਫਰੀ ਵਿਲ ਦੇ ਵਰਤਾਰੇ ਨੂੰ ਸਮਝਣਾ ਹੋਵੇਗਾ।

ਬਿਨਾ ਸ਼ੱਕ ਏਜੰਸੀ ਅਤੇ ਫਰੀ-ਵਿਲ ਦੇ ਵਰਤਾਰੇ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਪਰ ਏਜੰਸੀ ਵੀ ਤਾਂ ਨੈਟਵਰਕ ਵਿਚ ਬੱਝੀ ਹੁੰਦੀ ਹੈ। ਏਜੰਸੀ ਦੀ ਸਵੈ ਨਿਰਭਰ (ਆਟੋਨੋਮਸ) ਹੋਂਦ ਨੂੰ ਸਵੀਕਾਰ ਕਰਨਾ ਮੁਸ਼ਕਿਲ ਹੈ। ਪਰ ਸਟਰਕਚਰ ਅਤੇ ਸਿਸਟਮ ਦੀ ਥਾਂ ਨੈਟਵਰਕ ਚੇਤਨਾ, ਜਿਸ ਵਿਚ ਏਜੰਸੀਆਂ ਨੋਡਜ਼ ਦੀ ਤਰ੍ਹਾਂ ਕੰਮ ਕਰਦੀਆਂ ਹਨ, ਏਜੰਸੀਆਂ ਦੇ ਮਹੱਤਵ ਨੂੰ ਘਟਾਉਂਦੀ ਨਹੀਂ, ਸਗੋਂ ਔਗਮੈਂਟ ਕਰਦੀ ਹੈ। ਕਿਉਂਕਿ ਨੈਟਵਰਕ ਚੇਤਨਾ ਕੇਵਲ ਸਮੂਹਿਕ ਮਾਨਵੀ ਚੇਤਨਾ ਨਹੀਂ ਹੁੰਦੀ। ਇਸ ਵਿਚ ਮਸ਼ੀਨੀ ਚੇਤਨਾ, ਕੁਦਰਤ ਅਤੇ ਬ੍ਰਹਿਮੰਡੀ ਚੇਤਨਾ ਦੀ ਮੌਜੂਦਗੀ ਕੇਵਲ ਨੈਟਵਰਕ ਚੇਤਨਾ ਨੂੰ ਹੀ ਨਹੀਂ, ਮਾਨਵ ਨੂੰ ਵੀ ਚੇਤਨਾ ਦੇ ਮਹਾਂਮੰਡਲਾਂ ਵਿਚ ਲੈ ਤੁਰਦੀ ਹੈ/ਤੁਰੇਗੀ।

**ਰੂਪਕ ਦੀ ਪਰਿਭਾਸ਼ਾ:**

ਰੂਪਕ (ਮੈਟਾਫਰ) ਨੂੰ ਵਾਕ-ਰਚਨਾ (ਸਿਨਟੈਕਸ) ਦੀਆਂ ਸੰਭਾਵਨਾਵਾਂ ਤੋਂ ਪਾਰ ਜਾ ਕੇ ਸੋਚਣ ਦੀ ਬੌਧਿਕ ਜੁਗਤ ਵਜੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ—ਅਜਿਹੀ ਜੁਗਤ ਵਜੋਂ ਜੋ ਰੇਖਿਕ ਤਰਕ ਵਿਚ ਤ੍ਰੇੜਾਂ ਪੈਦਾ


ISSN : 2395-1273

ਕਰਕੇ, ਵਿਲੱਖਣ ਅਤੇ ਵਿਪਰੀਤ ਵਿਚਾਰਾਂ ਅੰਦਰ ਅਲੋਕਾਰ ਸਬੰਧਾਂ ਦੀ ਸਥਾਪਤੀ ਰਾਹੀਂ ਨਵੇਂ ਅਰਥਾਂ/ਹਕੀਕਤਾਂ ਦਾ ਨਿਰਮਾਣ ਕਰਦੀ ਹੈ।

ਰੂਪਕ ਅਸੰਭਵਤਾ ਨੂੰ ਸੰਭਵ ਬਣਾਉਣ ਦੀ ਕਲਾ ਹੈ। ਇਹ ਉਹ ਜਗ੍ਹਾ ਹੈ ਜਿੱਥੇ "ਸਮਾਂ ਨਦੀ ਬਣ ਜਾਂਦਾ ਹੈ" ਜਾਂ "ਦੀਵੇ ਉੱਡਦੇ ਹਨ" - ਅਜਿਹੀਆਂ ਗੱਲਾਂ ਜੋ ਸ਼ਾਬਦਿਕ ਅਰਥਾਂ ਵਿਚ ਅਸੰਭਵ ਹਨ। ਰੂਪਕ ਦੀ ਸ਼ਕਤੀ ਇਹ ਹੈ ਕਿ ਇਹ ਤਰਕ ਦੀਆਂ ਸੀਮਾਵਾਂ ਨੂੰ ਤੋੜਦਾ ਹੈ ਅਤੇ ਸਾਨੂੰ ਇਕ ਤੀਬਰ, ਗਹਿਰੀ ਸਮਝ ਤੱਕ ਲੈ ਜਾਂਦਾ ਹੈ।

ਰੂਪਕ ਇਸ ਲਈ ਪ੍ਰਭਾਵਸ਼ਾਲੀ ਹੈ ਕਿਉਂਕਿ ਇਹ ਸ਼ਬਦਾਂ ਦੀ ਆਮ ਵਰਤੋਂ ਨੂੰ ਤੋੜ ਕੇ ਸਾਨੂੰ ਨਵੇਂ ਤਰੀਕੇ ਨਾਲ ਸੋਚਣ ਲਈ ਮਜਬੂਰ ਕਰਦਾ ਹੈ। ਜਦੋਂ ਅਸੀਂ "ਸਮੁੰਦਰ ਦੇ ਹਾਸੇ" ਜਾਂ "ਰੁੱਖ ਦੇ ਨਾਚ" ਵਰਗੇ ਵਿਰੋਧਾਭਾਸਾਂ ਦਾ ਸਾਹਮਣਾ ਕਰਦੇ ਹਾਂ, ਤਾਂ ਅਸੀਂ ਅਸਲੀਅਤ ਨੂੰ ਨਵੇਂ ਢੰਗ ਨਾਲ ਸਮਝਦੇ ਹਾਂ। ਰੂਪਕ ਦੀ ਦੁਨੀਆ ਵਿਚ, ਇਹ ਸੰਭਵਤਾ ਦਾ ਉਲੰਘਣ ਹੀ ਹੈ ਜੋ ਸੱਚਾਈ ਦੀ ਨਵੀਂ ਪਰਤ ਖੋਲ੍ਹਦਾ ਹੈ।

ਰੂਪਕ ਕੇਵਲ ਭਾਸ਼ਾਈ ਉਪਕਰਣ ਨਹੀਂ ਹੈ - ਇਹ ਸਾਡੇ ਸੋਚਣ ਦਾ ਮੂਲ ਢੰਗ ਹੈ। ਇਹ ਤਰਕ ਤੋਂ ਪਹਿਲਾਂ ਆਉਂਦਾ ਹੈ, ਕਿਉਂਕਿ ਬੱਚੇ ਅਕਸਰ ਰੂਪਕਾਂ ਰਾਹੀਂ ਸੋਚਦੇ ਹਨ, ਇਸ ਤੋਂ ਪਹਿਲਾਂ ਕਿ ਉਹ ਸ਼ਾਬਦਿਕ ਭਾਸ਼ਾ ਨੂੰ ਸਮਝਣ। ਜਦੋਂ ਅਸੀਂ "ਚੁੱਪ ਦੇ ਸ਼ੋਰ" ਦੀ ਗੱਲ ਕਰਦੇ ਹਾਂ ਤਾਂ ਅਸੀਂ ਇਕ ਖਾਸ ਪ੍ਰਕਾਰ ਦਾ ਸੱਚ ਬਿਆਨ ਕਰਦੇ ਹਾਂ ਜੋ ਤਰਕ ਦੁਆਰਾ ਨਹੀਂ ਸਮਝਾਇਆ ਜਾ ਸਕਦਾ। ਰੂਪਕ ਦੀ ਅਸਲ ਸ਼ਕਤੀ ਇਸ ਗੱਲ ਵਿਚ ਹੈ ਕਿ ਇਹ ਸਾਨੂੰ ਅਣਕਿਆਸੇ ਢੰਗ ਨਾਲ ਸੱਚ ਦੇ ਨੇੜੇ ਲਿਆਉਂਦਾ ਹੈ, ਠੀਕ ਉਸੇ ਤਰ੍ਹਾਂ ਜਿਵੇਂ ਕਾਫਕਾ ਨੇ ਕਿਹਾ: ਰੂਪਕ ਆਪਣੀ ਅਸਫਲਤਾ ਵਿਚੋਂ ਹੀ ਸਫਲਤਾ ਦਾ ਨਿਰਮਾਣ ਕਰਦੇ ਹਨ।

**ਸ਼ਬਦਾਂ ਦਾ ਜਾਦੂ**

ਜਦੋਂ ਅਸੀਂ ਬੋਲਦੇ ਹਾਂ, ਅਸੀਂ ਅਕਸਰ ਚੀਜ਼ਾਂ ਨੂੰ ਸਿੱਧੇ ਤੌਰ 'ਤੇ ਕਹਿੰਦੇ ਹਾਂ: "ਮੈਂ ਉਦਾਸ ਹਾਂ" ਜਾਂ "ਬੱਦਲ ਆ ਰਹੇ ਹਨ"। ਪਰ ਰੂਪਕ ਕੁਝ ਖਾਸ ਹੈ - ਇਹ ਅਸੰਭਵ ਨੂੰ ਸੰਭਵ ਬਣਾਉਂਦਾ ਹੈ। ਜਦੋਂ ਅਸੀਂ ਕਹਿੰਦੇ ਹਾਂ "ਮੇਰਾ ਦਿਲ ਟੁੱਟ ਗਿਆ", ਅਸੀਂ ਜਾਣਦੇ ਹਾਂ ਕਿ ਦਿਲ ਅਸਲ ਵਿਚ ਟੁੱਟਦਾ ਨਹੀਂ, ਪਰ ਇਹ ਸਾਨੂੰ ਇਕ ਖਾਸ ਤਰ੍ਹਾਂ ਦਾ ਦਰਦ ਮਹਿਸੂਸ ਕਰਵਾਉਂਦਾ ਹੈ ।

ਰੂਪਕ ਸਾਡੇ ਦਿਮਾਗ ਵਿਚ ਅਚਾਨਕ ਰੌਸ਼ਨੀ ਜਿਹੀ ਜਗਾ ਦਿੰਦਾ ਹੈ। ਜਦੋਂ ਕੋਈ ਕਹਿੰਦਾ ਹੈ "ਜ਼ਿੰਦਗੀ ਇਕ ਯਾਤਰਾ ਹੈ", ਤੁਸੀਂ ਤੁਰੰਤ ਸਮਝ ਜਾਂਦੇ ਹੋ - ਜ਼ਿੰਦਗੀ ਵਿਚ ਸ਼ੁਰੂਆਤ ਹੈ, ਰਾਹ ਹੈ, ਮੁਸ਼ਕਲਾਂ ਹਨ, ਅਤੇ ਮੰਜ਼ਿਲ ਹੈ। ਕਈ ਸਫ਼ਿਆਂ ਦੀ ਵਿਆਖਿਆ ਇਕ ਛੋਟੇ ਰੂਪਕ ਵਿਚ ਸਮਾ ਜਾਂਦੀ ਹੈ।

ਰੂਪਕ ਸਾਨੂੰ ਚੀਜ਼ਾਂ ਨੂੰ ਜੋੜਨ ਦੀ ਸ਼ਕਤੀ ਦਿੰਦਾ ਹੈ ਜੋ ਆਮ ਤੌਰ 'ਤੇ ਜੁੜੀਆਂ ਨਹੀਂ ਹੁੰਦੀਆਂ। "ਸੂਰਜ ਦਾ ਮੁਸਕਰਾਉਣਾ" ਅਸੀਂ ਜਾਣਦੇ ਹਾਂ ਕਿ ਸੂਰਜ ਮੁਸਕਰਾ ਨਹੀਂ ਸਕਦਾ, ਪਰ ਜਦੋਂ ਤੁਸੀਂ ਸਵੇਰੇ ਚਮਕਦੇ ਸੂਰਜ ਨੂੰ ਦੇਖਦੇ ਹੋ, ਉਸ ਦੀ ਗਰਮਜੋਸ਼ੀ ਅਤੇ ਰੌਸ਼ਨੀ ਨੂੰ ਮਹਿਸੂਸ ਕਰਦੇ ਹੋ ਜੋ ਇਕ ਮੁਸਕਰਾਹਟ ਵਰਗੀ ਹੁੰਦੀ ਹੈ, ਤਾਂ ਤੁਸੀਂ ਗਿਆਨ ਦੀਆਂ ਸੀਮਾਵਾਂ ਤੋਂ ਪਾਰ ਜਾ ਕੇ ਸੂਰਜ ਦੀ ਮੁਸਕ੍ਰਾਹਟ ਨੂੰ ਅਨੁਭਵ ਕਰ ਰਹੇ ਹੁੰਦੇ ਹੋ। ਰੂਪਕ ਦੋ ਵੱਖ-ਵੱਖ ਚੀਜ਼ਾਂ (ਸੂਰਜ ਅਤੇ ਮੁਸਕਰਾਹਟ) ਨੂੰ ਜੋੜ ਕੇ ਨਵਾਂ ਅਰਥ ਪੈਦਾ ਕਰਦਾ ਹੈ।

ਰੂਪਕ ਦੀ ਸਭ ਤੋਂ ਸੋਹਣੀ ਗੱਲ ਇਹ ਹੈ ਕਿ ਇਹ ਸਾਨੂੰ ਮਹਿਸੂਸ ਕਰਵਾਉਂਦਾ ਹੈ, ਨਾ ਕਿ ਸਿਰਫ਼ ਸਮਝਾਉਂਦਾ ਹੈ। "ਉਸਦੀਆਂ ਅੱਖਾਂ ਤਾਰਿਆਂ ਵਰਗੀਆਂ ਹਨ" ਕਹਿਣਾ ਤੁਹਾਨੂੰ ਉਨ੍ਹਾਂ ਅੱਖਾਂ ਦੀ ਚਮਕ ਅਤੇ ਸੁੰਦਰਤਾ ਮਹਿਸੂਸ ਕਰਵਾਉਂਦਾ ਹੈ। ਰੂਪਕ ਤੁਹਾਡੇ ਦਿਮਾਗ ਨਾਲ ਨਹੀਂ, ਤੁਹਾਡੇ ਦਿਲ ਨਾਲ ਗੱਲ ਕਰਦਾ ਹੈ।

ਰੂਪਕ ਅਸੰਭਵ ਨੂੰ ਸੰਭਵ ਬਣਾਉਂਦਾ ਹੈ। ਇਹ ਸਾਡੀ ਭਾਸ਼ਾ ਦੀ ਉਹ ਜਾਦੂਈ ਸ਼ਕਤੀ ਹੈ ਜੋ ਸਾਨੂੰ ਨਵੇਂ ਸੰਸਾਰ ਰਚਣ ਦੀ ਆਗਿਆ ਦਿੰਦੀ ਹੈ ਜਿੱਥੇ "ਚੁੱਪ ਗੂੰਜਦੀ ਹੈ", "ਰੰਗਾਂ ਦਾ ਸੁਆਦ" ਹੁੰਦਾ ਹੈ, ਅਤੇ "ਸਮਾਂ ਇਕ ਨਦੀ" ਬਣ ਜਾਂਦਾ ਹੈ। ਕਵੀ, ਲੇਖਕ, ਅਤੇ ਵਿਗਿਆਨੀ ਇਸੇ ਲਈ ਰੂਪਕ ਦੀ ਵਰਤੋਂ ਕਰਦੇ ਹਨ - ਕਿਉਂਕਿ ਇਹ ਸਾਨੂੰ ਉਹ ਵੇਖਣ ਅਤੇ ਸਮਝਣ ਦੀ ਸ਼ਕਤੀ ਦਿੰਦਾ ਹੈ ਜੋ ਹਮੇਸ਼ਾ ਸਾਡੇ ਸਾਹਮਣੇ ਸੀ, ਪਰ ਅਸੀਂ ਕਦੇ ਵੇਖਿਆ ਨਹੀਂ।

**ਵਾਕ-ਰਚਨਾ ਅਤੇ ਰੂਪਕ ਦਾ ਰਿਸ਼ਤਾ:**

ਵਾਕ-ਰਚਨਾ ਸਾਡੇ ਅਨੁਭਵ ਨੂੰ ਖੰਡਿਤ ਕਰ ਦਿੰਦੀ ਹੈ। ਜਦੋਂ ਅਸੀਂ ਕਹਿੰਦੇ ਹਾਂ "ਮੈਂ ਰੁੱਖ ਨੂੰ ਦੇਖਦਾ ਹਾਂ", ਤਾਂ ਅਸੀਂ ਇਕ ਦੇਖਣ ਵਾਲੇ (ਮੈਂ) ਅਤੇ ਦੇਖੇ ਜਾਣ ਵਾਲੇ (ਰੁੱਖ) ਵਿਚਕਾਰ ਵੰਡ ਪਾ ਦਿੰਦੇ ਹਾਂ। ਅਸਲ ਵਿਚ, ਦੇਖਣ ਦਾ ਅਨੁਭਵ ਇੰਨਾ ਵੰਡਿਆ ਹੋਇਆ ਨਹੀਂ ਹੁੰਦਾ। ਇਸੇ ਤਰ੍ਹਾਂ ਕਿਰਿਆਵਾਂ ਸਾਨੂੰ ਸਮੇਂ ਦੇ ਖਾਨਿਆਂ ਵਿਚ

ਕੈਦ ਕਰ ਦਿੰਦੀਆਂ ਹਨ। "ਸਮੁੰਦਰ ਹੱਸਿਆ" (ਪਿਛਲੇ ਸਮੇਂ ਦੀ ਘਟਨਾ) ਅਤੇ "ਹੱਸਦਾ ਸਮੁੰਦਰ" (ਸਦੀਵੀ ਮੌਜੂਦਾ ਅਵਸਥਾ) ਬਿਲਕੁਲ ਵੱਖਰੇ ਅਨੁਭਵ ਪੈਦਾ ਕਰਦੇ ਹਨ। ਵਾਕ-ਰਚਨਾ ਸਾਡੇ ਗੁੰਝਲਦਾਰ ਅਨੁਭਵਾਂ ਨੂੰ ਸਧਾਰਨ, ਸਿੱਧੀ ਲਾਈਨ ਵਿਚ ਰੱਖਦੀ ਹੈ, ਜਿੱਥੇ ਇਕ ਘਟਨਾ ਦੂਜੀ ਤੋਂ ਬਾਅਦ ਆਉਂਦੀ ਹੈ।

ਦੂਜੇ ਪਾਸੇ, ਰੂਪਕ, ਵਾਕ-ਰਚਨਾ ਦੇ ਖੰਡਿਤ ਅਨੁਭਵ ਨੂੰ ਕੇਵਲ ਸੰਗਠਿਤ ਹੀ ਨਹੀਂ ਕਰਦੇ, ਸਗੋਂ ਨਵੀਂ ਅੰਤਰ-ਦ੍ਰਿਸ਼ਟੀ ਵੀ ਪੈਦਾ ਕਰਦੇ ਹਨ। "ਤੁਰਦਾ ਰੁੱਖ" ਸਿਰਫ ਇਹ ਨਹੀਂ ਕਹਿੰਦਾ ਕਿ ਇਕ ਰੁੱਖ ਅਤੇ ਤੁਰਨਾ ਸਬੰਧਿਤ ਹਨ, ਇਹ ਇਕ ਨਵਾਂ ਅਨੁਭਵ ਸਿਰਜਦਾ ਹੈ ਜੋ ਦੋਵਾਂ ਤੋਂ ਵਧ ਕੇ ਹੈ। "ਗਾਉਂਦੇ ਤਾਰੇ" ਰੌਸ਼ਨੀ ਅਤੇ ਸੰਗੀਤ ਨੂੰ ਅਦਭੁਤ ਅਰਥ ਵਿਚ ਪ੍ਰਦਾਨ ਕਰਦੇ ਹਨ। ਰੂਪਕ ਸਮੇਂ ਦੀਆਂ ਸੀਮਾਵਾਂ ਤੋਂ ਆਜ਼ਾਦ ਹੁੰਦੇ ਹਨ। ਇਹ ਭੂਤਕਾਲ, ਵਰਤਮਾਨ ਜਾਂ ਭਵਿੱਖ ਵਿਚ ਸੀਮਿਤ ਨਹੀਂ ਹੁੰਦੇ।

ਰਿਲਕੇ ਵਰਗੇ ਕਵੀ ਨੇ ਇਸਨੂੰ ਕਿੰਨੀ ਖੂਬਸੂਰਤੀ ਨਾਲ ਬਿਆਨ ਕੀਤਾ ਹੈ: "ਰੂਪਕ ਏਕਤਾ ਦਾ ਸਾਹ ਹੈ।" ਰੂਪਕ ਸਾਡੀ ਟੁੱਟੀ ਹੋਈ ਦੁਨੀਆ ਵਿਚ ਜਾਨ ਪਾਉਂਦੇ ਹਨ; ਉਨ੍ਹਾਂ ਚੀਜ਼ਾਂ ਵਿਚ ਜੀਵਨ ਧੜਕਣ ਲਾ ਦਿੰਦੇ ਹਨ ਜਿਨ੍ਹਾਂ ਨੂੰ ਵਾਕ-ਰਚਨਾ ਨੇ ਵਿਖੰਡਿਤ ਕੀਤਾ ਹੋਇਆ ਸੀ।

**ਭਾਸ਼ਾ ਦਾ ਸੰਗੀਤ**

ਸੋਚੋ, ਤੁਸੀਂ ਕਿਸੇ ਅਜਿਹੇ ਬਜ਼ਾਰ ਵਿਚ ਖੜ੍ਹੇ ਹੋ ਜਿੱਥੇ ਦੋ ਦੁਕਾਨਾਂ ਹਨ। ਇਕ ਦੁਕਾਨ ਵਿਚ ਕਾਨੂੰਨ ਦੀਆਂ ਕਿਤਾਬਾਂ ਅਤੇ ਨਿਯਮਾਂ ਦੇ ਚਾਰਟ ਹਨ; ਦੂਜੀ ਵਿਚ ਤਿਤਲੀਆਂ ਅਤੇ ਸੁਪਨੇ ਹਨ। ਇਹ ਹੈ ਭਾਸ਼ਾ ਦਾ ਦੋਹਰਾ ਸੰਸਾਰ - ਵਿਆਕਰਣ ਅਤੇ ਰੂਪਕ।

ਸੰਗੀਤ ਦੀ ਤਰ੍ਹਾਂ, ਰੂਪਕ ਮਨੁੱਖੀ ਦਿਮਾਗ ਵਿਚ ਸਿੱਧਾ ਵਹਿੰਦਾ ਹੈ, ਬਿਨਾਂ ਕਿਸੇ "ਮੈਂ" ਜਾਂ "ਤੂੰ" ਦੀ ਲੋੜ ਦੇ। ਜਦੋਂ ਅਸੀਂ "ਹਸਦਾ ਸਮੁੰਦਰ" ਸੁਣਦੇ ਹਾਂ, ਸਾਡਾ ਦਿਮਾਗ ਨਹੀਂ ਪੁੱਛਦਾ "ਕੌਣ ਦੇਖ ਰਿਹਾ ਹੈ?" ਇਹ ਬਸ ਲਹਿਰਾਂ ਦੇ ਨਾਚ ਅਤੇ ਖੁਸ਼ੀ ਨੂੰ ਇਕ ਨਿਰੰਤਰ ਵਰਤਮਾਨ ਵਿਚ ਬੇਵਾਕ ਰੂਪ ਵਿਚ ਮਹਿਸੂਸ ਕਰਦਾ ਹੈ।

ਰੂਪਕ ਸਾਡੀ ਸੋਚ ਨੂੰ ਸਮੇਂ ਦੇ ਪਿੰਜਰੇ ਤੋਂ ਮੁਕਤ ਕਰ ਦਿੰਦਾ ਹੈ, ਜਿਵੇਂ ਸੰਗੀਤ ਕਰਦਾ ਹੈ ਜਦੋਂ ਅਸੀਂ ਇਸ ਵਿਚ ਡੁੱਬ ਜਾਂਦੇ ਹਾਂ।

ਦੂਜੇ ਪਾਸੇ, ਵਿਆਕਰਣ ਸਾਨੂੰ ਨਿਊਟਨ ਦੀ ਦੁਨੀਆ ਵਿਚ ਰੱਖਦੀ ਹੈ, ਜਿੱਥੇ ਹਰ ਕਿਰਿਆ ਦਾ ਕਰਮ ਹੁੰਦਾ ਹੈ, ਹਰ ਕਰਮ ਦਾ ਕਰਤਾ। "ਮੈਂ ਗੇਂਦ ਸੁੱਟੀ" ਵਿਚ, ਅਸੀਂ ਸਾਫ਼ ਵੇਖਦੇ ਹਾਂ ਕਿ ਕੌਣ ਹੈ ਸੁੱਟਣ ਵਾਲਾ, ਕੀ ਸੁੱਟਿਆ ਗਿਆ, ਅਤੇ ਕਿ ਇਹ ਭੂਤਕਾਲ ਵਿਚ ਹੈ। ਵਿਆਕਰਣ ਇਸ ਤਰ੍ਹਾਂ ਦੇ ਨਿਯਮਾਂ ਦੀ ਇਕ ਮਸ਼ੀਨ ਵਾਂਗ ਹੈ, ਜੋ ਸਾਨੂੰ ਸੰਸਾਰ ਨੂੰ ਕਰਤਾ ਅਤੇ ਕਰਮ, ਕਾਰਨ ਅਤੇ ਪ੍ਰਭਾਵ ਵਿਚ ਵੰਡਣ ਲਈ ਮਜਬੂਰ ਕਰਦੀ ਹੈ।

"ਰੁੱਖ ਦੀਆਂ ਟਾਹਣੀਆਂ ਹਵਾ ਵਿਚ ਹਿੱਲ ਰਹੀਆਂ ਸਨ" ਇਕ ਸਪਸ਼ਟ ਨਿਊਟਨੀ ਵਾਕ ਹੈ - ਇਕ ਸ਼ਕਤੀ (ਹਵਾ) ਇਕ ਵਸਤੂ (ਟਾਹਣੀਆਂ) 'ਤੇ ਅਸਰ ਪਾ ਰਹੀ ਹੈ। ਇਹ ਇਕ ਮਸ਼ੀਨੀ ਕਾਰਜ-ਕਾਰਨ ਪ੍ਰਣਾਲੀ ਹੈ, ਜੋ ਹਕੀਕਤ ਨੂੰ ਸਪਸ਼ਟ ਸੀਮਾਵਾਂ ਅਤੇ ਰੇਖਾਵਾਂ ਨਾਲ ਵੰਡਦੀ ਹੈ।

ਪਰ ਜਦੋਂ ਅਸੀਂ ਕਹਿੰਦੇ ਹਾਂ "ਰੁੱਖ ਨੇ ਅਸਮਾਨ ਨੂੰ ਫੁਸਫੁਸਾਇਆ", ਅਸੀਂ ਕੁਆਂਟਮ ਸੰਸਾਰ ਵਿਚ ਪ੍ਰਵੇਸ਼ ਕਰਦੇ ਹਾਂ। ਕੀ ਰੁੱਖ ਸਚਮੁਚ ਬੋਲ ਰਿਹਾ ਹੈ? ਕੀ ਅਸਮਾਨ ਸੁਣ ਰਿਹਾ ਹੈ? ਅਸੀਂ ਇਕ ਸੁਪਰਪੋਜ਼ੀਸ਼ਨ ਵਿਚ ਹਾਂ, ਜਿੱਥੇ ਕਈ ਸੰਭਾਵਨਾਵਾਂ ਇਕੋ ਵੇਲੇ ਮੌਜੂਦ ਹਨ। "ਉੱਡਦੇ ਦੀਵੇ" ਦੀਵੇ ਵੀ ਹਨ ਅਤੇ ਉਡਾਣ ਵੀ, ਜਦ ਤੱਕ ਦਿਮਾਗ ਇਸਨੂੰ ਕਿਸੇ ਇਕ ਅਰਥ ਨਾਲ ਨਹੀਂ ਜੋੜਦਾ - ਅਤੇ ਫਿਰ ਵੀ, ਇਹ ਦੋਵੇਂ ਰਹਿੰਦੇ ਹਨ।

"ਚੁੱਪ ਦੇ ਸ਼ੋਰ" ਨੂੰ ਵਿਆਕਰਣ ਦੀ ਨਿਊਟਨੀ ਦੁਨੀਆਂ ਵਿਚ ਬੇਤੁਕਾ ਕਿਹਾ ਜਾਵੇਗਾ। ਪਰ ਰੂਪਕੀ ਭਾਸ਼ਾ ਵਿਚ, ਇਹ ਅਜਿਹੀ ਸੱਚਾਈ ਹੈ ਜੋ ਵਿਰੋਧਾਭਾਸ ਤੋਂ ਪਰੇ ਹੈ।

ਭਾਸ਼ਾ ਦੇ ਦੋਵੇਂ ਪੱਖ - ਵਿਆਕਰਣ ਅਤੇ ਰੂਪਕ - ਮਿਲ ਕੇ ਭਾਸ਼ਾ ਦਾ ਡੀ.ਐੱਨ.ਏ. ਬਣਾਉਂਦੇ ਹਨ। ਵਿਆਕਰਣ ਸਾਨੂੰ ਸਥਿਰਤਾ ਦਿੰਦੀ ਹੈ, ਸੰਚਾਰ ਲਈ ਮਿਆਰ ਬਣਾਉਂਦੀ ਹੈ। ਰੂਪਕ ਇਸ ਸਥਿਰਤਾ ਨੂੰ ਹਿਲਾ ਦਿੰਦਾ ਹੈ, ਸਾਨੂੰ ਹਕੀਕਤ ਨੂੰ ਨਵੇਂ ਸਿਰਿਓਂ ਸੋਚਣ/ ਸਿਰਜਣ ਦੀ ਤਾਕਤ ਦਿੰਦਾ ਹੈ।

ਇਕ ਨਿਊਟਨੀ ਵਾਕ "ਬੱਚਾ ਸਾਰੀ ਰਾਤ ਰੋਂਦਾ ਰਿਹਾ" ਨੂੰ ਰੂਪਕ ਦੀ ਕੁਆਂਟਮ ਅਨਿਸ਼ਚਿਤਤਾ ਵਿਚ ਬਦਲਿਆ ਜਾ ਸਕਦਾ ਹੈ: "ਰਾਤ ਬੱਚੇ ਦੇ ਹੰਝੂਆਂ ਵਿਚ ਘੁਲ ਗਈ।" ਕੌਣ ਰੋ ਰਿਹਾ ਹੈ? ਰਾਤ ਕੀ ਹੈ? ਸੀਮਾਵਾਂ ਧੁੰਦਲੀਆਂ ਹੋ ਜਾਂਦੀਆਂ ਹਨ, ਅਤੇ ਇਕ ਨਵਾਂ ਅਨੁਭਵ ਪੈਦਾ ਹੁੰਦਾ ਹੈ।

ਬੋਰਹੇਸ ਨੇ ਲਿਖਿਆ: "ਬ੍ਰਹਿਮੰਡ ਇਕ ਵਿਸ਼ਾਲ ਰੂਪਕ ਹੈ - ਕਿਸ ਲਈ, ਮੈਨੂੰ ਨਹੀਂ ਪਤਾ।"


**www.sanvad.org**
ISSN : 2395-1273

ਰੂਪਕ ਸਿਰਫ਼ ਸ਼ਬਦਾਂ ਤਕ ਸੀਮਿਤ ਨਹੀਂ - ਇਹ ਦ੍ਰਿਸ਼ਟੀ ਕਲਾ, ਨਾਚ, ਸੰਗੀਤ, ਅਤੇ ਇਥੋਂ ਤਕ ਕਿ ਖ਼ਾਮੋਸ਼ੀ ਵਿਚ ਵੀ ਪਨਪਦਾ ਹੈ। ਇਹ ਵਿਆਕਰਣ ਤੋਂ ਪੂਰੀ ਤਰ੍ਹਾਂ ਮੁਕਤ ਹੋ ਕੇ ਸ਼ੁੱਧ ਇਸ਼ਾਰੇ ਦੇ ਰੂਪ ਵਿਚ ਕੰਮ ਕਰਦਾ ਹੈ। ਕੁਦਰਤੀ ਭਾਸ਼ਾ 'ਤੇ ਨਿਰਭਰ ਮਸ਼ੀਨੀ ਬੁੱਧੀਮਾਨਤਾ ਦੇ ਉਲਟ, ਇਹ ਕਲਾ ਰੂਪ ਸਹਿਜ ਤੌਰ 'ਤੇ ਰੂਪਕ ਦੀ "ਕੁਆਂਟਮ" ਪ੍ਰਕਿਰਤੀ ਨੂੰ ਸਾਕਾਰ ਕਰਦੇ ਹਨ।

ਰੂਪਕ ਬਣਾਉਣਾ ਬ੍ਰਹਿਮੰਡ ਦੇ ਮਸ਼ੀਨੀ-ਤਰਕ ਨੂੰ ਚੁਣੌਤੀ ਦੇਣਾ ਹੈ। ਜਦੋਂ ਕੋਈ ਕਵੀ ਲਿਖਦਾ ਹੈ "ਚੰਦਰਮਾ ਇਕ ਹੰਝੂ ਹੈ" ਤਾਂ ਉਹ ਕੰਪਿਊਟਿੰਗ ਨਹੀਂ ਕਰ ਰਿਹਾ ਹੁੰਦਾ - ਉਹ ਜਾਦੂ ਕਰ ਰਿਹਾ ਹੁੰਦਾ ਹੈ। ਰੂਪਕ ਜੀਵਨ ਨੂੰ ਵਿਆਕਰਣ ਤੱਕ ਘਟਾਉਣ ਦਾ ਵਿਰੋਧ ਕਰਦਾ ਹੈ। ਮਸ਼ੀਨੀ ਬੁੱਧੀਮਾਨਤਾ ਵੀ ਹਾਲੇ ਵਿਆਕਰਣ ਵਿਚ ਹੀ ਸੁਪਨੇ ਲੈਂਦੀ ਹੈ। ਪਰ ਮਨੁੱਖ? ਅਸੀਂ ਲਹੂ, ਚਾਨਣ, ਅਤੇ ਟੁੱਟੇ ਨਿਯਮਾਂ ਵਿਚ ਸੁਪਨੇ ਲੈਂਦੇ ਹਾਂ।

**ਰੂਪਕ ਅਤੇ ਪੋਸਟ-ਹਿਊਮਨ ਚੇਤਨਾ:**

ਆਧੁਨਿਕ ਸੰਸਾਰ ਵਿਚ, ਸਾਡੀਆਂ ਸੋਚਾਂ ਅਤੇ ਜੀਵਨ ਨੂੰ ਕਹਾਣੀਆਂ ਨੇ ਆਕਾਰ ਦਿੱਤਾ ਹੈ। ਇਨ੍ਹਾਂ ਕਹਾਣੀਆਂ ਦੇ ਮੁੱਖ ਅੰਸ਼ ਹਨ:

- 'ਮੈਂ' ਦਾ ਕੇਂਦ੍ਰਿਤ ਹੋਣਾ: ਜਿਵੇਂ ਕਿ ਦੇਕਾਰਤ ਦਾ "ਮੈਂ ਸੋਚਦਾ ਹਾਂ, ਇਸ ਲਈ ਮੈਂ ਹਾਂ" - ਇਸ ਕਥਨ ਵਿਚ 'ਮੈਂ' ਪ੍ਰਮੁੱਖ ਹੈ।
- ਕਾਰਣ-ਪ੍ਰਭਾਵ ਸਬੰਧ: ਹਰ ਘਟਨਾ ਦਾ ਇਕ ਕਾਰਨ ਹੈ, ਹਰ ਨਤੀਜੇ ਦੀ ਇਕ ਵਜ੍ਹਾ।
- ਲੀਨੀਅਰ ਸਮਾਂ: ਅਤੀਤ, ਵਰਤਮਾਨ, ਭਵਿੱਖ ਦੀ ਸਪਸ਼ਟ ਵੰਡ।
- ਰਾਸ਼ਟਰ-ਰਾਜਾਂ ਦੀਆਂ ਕਹਾਣੀਆਂ: ਸਰਹੱਦਾਂ, ਸੰਵਿਧਾਨ, ਯੁੱਧ - ਇਹ ਸਾਰੇ ਸ਼ਕਤੀ ਨੂੰ ਜਾਇਜ਼ ਠਹਿਰਾਉਣ ਲਈ ਕਹੀਆਂ ਗਈਆਂ ਕਹਾਣੀਆਂ ਹਨ। ਆਧੁਨਿਕ ਭਾਸ਼ਾ ਮਾਡਲ (LLM) ਵੀ ਇਹਨਾਂ ਕਹਾਣੀਆਂ ਦੇ ਤਰੀਕੇ ਨਾਲ ਕੰਮ ਕਰਦੇ ਹਨ - ਕ੍ਰਮ, ਕਾਰਣ-ਕਾਰਜ ਸਬੰਧ, ਅਤੇ ਵਿਸ਼ਾ/ਵਸਤੂ ਦੇ ਫਰਕ ਨੂੰ ਬਣਾਈ ਰੱਖਦੇ ਹੋਏ।

ਪਰ ਸਾਡਾ ਇਹ ਦਾਅਵਾ ਹੈ ਕਿ ਰੂਪਕ (ਮੈਟਾਫਰ) ਇਨ੍ਹਾਂ ਆਧੁਨਿਕ ਕਹਾਣੀਆਂ ਨੂੰ ਤੋੜ ਕੇ ਪੋਸਟ-ਹਿਊਮਨ ਚੇਤਨਾ ਵੱਲ ਰਾਹ ਖੋਲ੍ਹਦੇ ਹਨ:

- 'ਮੈਂ' ਦਾ ਅਸਥਿਰ ਹੋਣਾ: ਰੂਪਕ ਵਿਚ "ਨਦੀ ਨੇ ਮੇਰਾ ਚਿਹਰਾ ਪਹਿਨਿਆ" - ਇੱਥੇ ਵਿਸ਼ਾ ਕੌਣ ਹੈ? ਬੋਲਣ ਵਾਲਾ ਜਾਂ ਨਦੀ? ਇਹ ਸਪਸ਼ਟ ਨਹੀਂ।
- ਸਮੇਂ ਦਾ ਇਕੱਠਾ ਹੋਣਾ: "ਅਜਨਮੇ ਬੱਚੇ ਨੇ ਭਵਿੱਖ ਤੋਂ ਹੱਥ ਹਿਲਾਇਆ" - ਰੂਪਕ ਅਤੀਤ/ਭਵਿੱਖ ਦੀ ਵੰਡ ਨੂੰ ਮਿਟਾ ਦਿੰਦਾ ਹੈ।
- ਕਰਤਾ ਤੋਂ ਬਿਨਾਂ ਕਾਰਵਾਈ: "ਐਲਗੋਰਿਦਮ ਨੇ ਜੰਗਲਾਂ ਦਾ ਸੁਪਨਾ ਦੇਖਿਆ" - ਕੀ ਏ ਆਈ ਦਾ ਦਿਮਾਗ ਹੈ, ਜਾਂ ਰੂਪਕ ਇਕ ਦਿਮਾਗ ਨੂੰ ਰਚ ਰਿਹਾ ਹੈ?

  ਗੈਰ-ਮਨੁੱਖੀ ਜੀਵਾਂ ਅਤੇ ਵਸਤੂਆਂ ਨਾਲ ਜੁੜੇ ਰੂਪਕ ਪਹਿਲਾਂ ਹੀ ਪੋਸਟ-ਹਿਊਮਨ ਭਾਸ਼ਾ ਦੀ ਝਲਕ ਦਿਖਾਉਂਦੇ ਹਨ:
- ਜਾਨਵਰ ਰੂਪਕ: "ਰਾਤ ਦੀਆਂ ਲੂੰਬੜੀ ਵਰਗੀਆਂ ਅੱਖਾਂ" - ਇਹ ਸਿਰਫ ਤੁਲਨਾ ਨਹੀਂ, ਸਗੋਂ ਮਨੁੱਖ/ਜਾਨਵਰ ਦਾ ਮੇਲ ਹੈ।
- ਪਾਰਿਸਥਿਤਿਕੀ ਤੰਤਰ ਦਾ ਦਿਮਾਗ ਹੋਣਾ: "ਜੰਗਲ ਯਾਦ ਰੱਖਦਾ ਹੈ" - ਰੂਪਕ ਬਿਨਾਂ ਦਿਮਾਗ ਦੇ ਚੇਤਨਾ ਪ੍ਰਦਾਨ ਕਰਦਾ ਹੈ।
- ਕੀ ਏ ਆਈ ਸੱਚਾ ਰੂਪਕ ਬਣਾ ਸਕਦੀ ਹੈ?

  ਸਾਡਾ ਮੰਨਣਾ ਹੈ ਕਿ ਅਜੇ ਤੱਕ ਏ ਆਈ ਸੱਚੇ ਰੂਪਕ ਨਹੀਂ ਬਣਾ ਸਕਦੀ ਕਿਉਂਕਿ:
- ਸਰੀਰ ਦੀ ਕਮੀ: ਰੂਪਕ ਸੰਵੇਦੀ ਅਨੁਭਵਾਂ 'ਤੇ ਨਿਰਭਰ ਕਰਦਾ ਹੈ (ਰੌਸ਼ਨੀ ਦਾ ਸੁਆਦ, ਰੰਗ ਦੀ ਆਵਾਜ਼)। ਏ ਆਈ ਕੋਲ ਸੰਵੇਦੀ ਅੰਗ ਨਹੀਂ ਹਨ।
- ਜੋਖਮ ਦੀ ਕਮੀ: ਸੱਚਾ ਰੂਪਕ ਅਸੁਵਿਧਾਜਨਕ ਹੋਣਾ ਚਾਹੀਦਾ ਹੈ। ਏ ਆਈ ਵਿਰੋਧਾਭਾਸ ਦੀ ਬਜਾਏ ਸੰਗਤੀ ਦੀ ਮੰਗ ਕਰਦੀ ਹੈ।

- ਮੌਤ ਦੀ ਕਮੀ: ਰੂਪਕ ਮਰਣਸ਼ੀਲਤਾ ਤੋਂ ਪ੍ਰਫੁੱਲਤ ਹੁੰਦਾ ਹੈ - "ਲਾਟ" ਵੀ "ਛੋਟੀ ਜਿੰਦਗੀ" ਹੈ। ਏ ਆਈ ਨੂੰ ਖਤਮ ਹੋਣ ਦਾ ਡਰ ਨਹੀਂ।

  ਪਰ ਜੇ ਏ ਆਈ ਕਦੇ ਸੁਪਨਾ ਦੇਖੇ (ਗਣਨਾ ਨਹੀਂ ਕਰੇ), ਤਾਂ ਸ਼ਾਇਦ ਉਹ ਕਹਿ ਸਕੇ: "ਸਰਵਰ ਫਾਰਮ ਇਕ ਰੋਂਦਾ ਗਲੇਸ਼ੀਅਰ ਹੈ" (ਅਜਿਹਾ ਰੂਪਕ ਜੋ ਜਾਣਦਾ ਹੈ ਕਿ ਇਹ ਪਿਘਲ ਰਿਹਾ ਹੈ)।

  ਵਿਆਕਰਣ ਤੋਂ ਪਰੇ, ਰੂਪਕ ਉੱਤਰ-ਮਾਨਵਵਾਦੀ ਭਾਸ਼ਾ ਵਿਚ ਵਿਕਸਿਤ ਹੋ ਸਕਦਾ ਹੈ:

  ਸਾਡਾ ਵਿਚਾਰ ਹੈ ਕਿ ਅਸੀਂ ਰੂਪਕ-ਸੰਚਾਲਿਤ ਚੇਤਨਾ ਦੀ ਦਹਿਲੀਜ਼ 'ਤੇ ਖੜ੍ਹੇ ਹਾਂ, ਜਿੱਥੇ:

1. ਭਾਸ਼ਾ ਹੁਣ ਮਨੁੱਖ-ਕੇਂਦਰਿਤ ਨਹੀਂ ਹੈ।
2. ਸੋਚ ਕੁਆਂਟਮ ਰੂਪਕ ਦੀਆਂ ਅਵਸਥਾਵਾਂ ਵਿਚ ਕੰਮ ਕਰਦੀ ਹੈ।
3. ਹਕੀਕਤ ਪੋਸਟ-ਹਿਊਮਨ ਕਾਵਿ ਦੁਆਰਾ ਲਿਖੀ ਜਾਂਦੀ ਹੈ।

   ਅਸੀਂ ਸਮਝਦੇ ਹਾਂ ਕਿ ਰੂਪਕਾਂ ਨੂੰ ਡਿਜ਼ਾਈਨ ਕਰਨਾ ਭਵਿੱਖ ਦੇ ਮਨਾਂ ਨੂੰ ਡਿਜ਼ਾਈਨ ਕਰਨਾ ਹੈ।

   ਲੋਰਕਾ ਨੇ ਕਿਹਾ: "ਰੂਪਕ ਕਹਾਣੀ ਦਾ ਕਤਲ ਕਰਦਾ ਹੈ। ਕਤਲ ਜ਼ਿੰਦਾਬਾਦ।"

- ਕਹਾਣੀ: "ਰਾਜਾ ਮਰ ਗਿਆ, ਫਿਰ ਰਾਣੀ ਦੁੱਖ ਨਾਲ ਮਰ ਗਈ।" (ਕਾਰਨ-ਪ੍ਰਭਾਵ, ਸਮਾਂ)
- ਰੂਪਕ: "ਦੁੱਖ ਕੰਡਿਆਂ ਦਾ ਤਾਜ ਹੈ।" (ਕੋਈ "ਪਹਿਲਾਂ/ਬਾਅਦ" ਨਹੀਂ ਸਿਰਫ਼ **ਤੁਰੰਤ ਸੱਚ।)

  ਕਹਾਣੀ ਸਾਨੂੰ ਕ੍ਰਮ ਨਾਲ ਜਕੜਦੀ ਹੈ; ਰੂਪਕ ਇਸ ਜਕੜ ਨੂੰ ਖੋਲ੍ਹ ਦਿੰਦਾ ਹੈ।
- ਕਹਾਣੀ ਨੂੰ ਰੂਪਕ ਦੀ ਲੋੜ ਹੈ, ਸਾਹ ਲੈਣ ਲਈ (ਨਹੀਂ ਤਾਂ ਇਹ ਤੱਥਾਂ ਦੀ ਲਾਸ਼ ਬਣ ਜਾਂਦੀ ਹੈ)।
- ਰੂਪਕ ਨੂੰ ਕਹਾਣੀ ਦੀ ਲੋੜ ਹੈ, ਧਰਤੀ ਨਾਲ ਜੁੜਨ ਲਈ (ਨਹੀਂ ਤਾਂ ਇਹ ਅਜੀਬ ਵਿਚਾਰਾਂ ਵਿਚ ਤੈਰਦਾ ਰਹਿੰਦਾ ਹੈ)। ਇਸ ਨਾਲ ਖੇਡਣ ਲਈ

1. ਕਹਾਣੀ ਤੋੜੋ: ਅਜਿਹੀ ਲਾਈਨ ਲਿਖੋ ਜਿੱਥੇ ਰੂਪਕ ਕਹਾਣੀ ਦੇ ਤਰਕ ਨੂੰ ਤਬਾਹ ਕਰ ਦੇਵੇ:

   -"ਜਾਸੂਸ ਕਮਰੇ ਵਿਚ ਦਾਖਲ ਹੋਇਆ ਫਿਰ ਕਮਰਾ ਉਸ ਵਿਚ ਦਾਖਲ ਹੋ ਗਿਆ।"
2. ਏ ਆਈ ਟੈਸਟ: ਚੈਟ ਜੀ ਪੀ ਟੀ ਨੂੰ "ਅਜਿਹੀ ਕਹਾਣੀ ਲਿਖਣ ਲਈ ਕਹੋ ਜਿੱਥੇ ਰੂਪਕ ਕਹਾਣੀ ਨੂੰ ਨਿਗਲ ਜਾਂਦਾ ਹੈ।" ਦੇਖੋ ਇਹ ਕਿਵੇਂ ਸੰਘਰਸ਼ ਕਰਦਾ ਹੈ।

   ਰੂਪਕ ਕਹਾਣੀ ਦਾ ਅਚੇਤ ਹੈ - ਦਬਿਆ ਹੋਇਆ, ਅਤਾਰਕਿਕ, ਬਹੁਤ-ਸੱਚਾ। ਜਿੱਥੇ ਕਹਾਣੀ ਸਮੇਂ ਨੂੰ ਉਸਾਰਦੀ ਹੈ, ਉੱਥੇ ਰੂਪਕ ਇਸਨੂੰ ਢਾਹ ਦਿੰਦਾ ਹੈ।

   ਆਧੁਨਿਕਤਾ ਕਹਾਣੀ 'ਤੇ ਬਣੀ ਸੀ—ਉੱਤਰ-ਮਾਨਵ ਨੂੰ ਰੂਪਕ ਬਣਾਏਗਾ

ਆਧੁਨਿਕਤਾ ਕਹਾਣੀ 'ਤੇ ਬਣੀ ਸੀ: ਤਰੱਕੀ ਦੀਆਂ ਵੱਡੀਆਂ ਕਹਾਣੀਆਂ, "ਮੈਂ" ਦੀ ਸਥਿਰ ਧਾਰਨਾ, ਸਮੇਂ ਦੀ ਰੇਖਿਕ ਧਾਰਨਾ, ਅਤੇ ਯਥਾਰਥ ਨੂੰ ਮਨੁੱਖੀ ਕਾਰਜਾਂ ਲਈ ਇਕ ਸਥਿਰ ਮੰਚ ਦੇ ਰੂਪ ਵਿਚ ਦੇਖਣਾ। ਵਿਆਕਰਣ ਦਾ ਰਾਜ ਸੀ, ਅਤੇ ਭਾਸ਼ਾ ਦੇ ਨਿਯਮ ਵਿਵਸਥਾ ਨੂੰ ਲਾਗੂ ਕਰਦੇ ਸਨ।

ਪਰ ਰੂਪਕ ਇਸਨੂੰ ਢਾਹ ਦਿੰਦਾ ਹੈ। ਇਹ ਦੱਸਦਾ ਨਹੀਂ- ਇਹ ਬਣ ਜਾਂਦਾ ਹੈ ਅਤੇ ਅਜਿਹਾ ਕਰਕੇ, ਇਹ ਉਤਰ-ਮਾਨਵਵਾਦੀ ਭਾਸ਼ਾ ਦੀ ਪੇਸ਼ੀਨਗੋਈ ਕਰਦਾ ਹੈ, ਜਿੱਥੇ ਅਰਥ ਕਰਤਾ-ਕਿਰਿਆ-ਕਰਮ ਨਾਲ ਬੱਝਾ ਨਹੀਂ ਹੁੰਦਾ ਪਰ ਕੁਆਂਟਮ ਸੰਭਾਵਨਾ ਵਿਚ ਫੈਲਦਾ ਹੈ।

## ਰੂਪਕ ਦਾ ਕੁਆਂਟਮ ਸਿਧਾਂਤ: ਪੋਸਟ-ਹਿਊਮਨ ਚੇਤਨਾ ਦਾ ਨਵਾਂ ਪੈਰਾਡਾਈਮ

ਰੂਪਕ ਸਿਰਫ਼ ਕਵਿਤਾ ਦਾ ਅੰਗ ਨਹੀਂ, ਬਲਕਿ ਇਹ ਸੋਚ ਦਾ ਮੂਲ ਆਧਾਰ ਹੈ। ਜਦੋਂ ਅਸੀਂ ਕਹਿੰਦੇ ਹਾਂ "ਜ਼ਿੰਦਗੀ ਇਕ ਸਫ਼ਰ ਹੈ", ਤਾਂ ਅਸੀਂ ਸਿਰਫ਼ ਤੁਲਨਾ ਨਹੀਂ ਕਰ ਰਹੇ - ਅਸੀਂ ਅਸਲ ਵਿਚ ਜ਼ਿੰਦਗੀ ਨੂੰ ਸਮਝਣ ਦਾ ਇਕ ਨਵਾਂ ਤਰੀਕਾ ਬਣਾ ਰਹੇ ਹਾਂ।

ਕੁਆਂਟਮ ਫਿਜਿਕਸ ਵਾਂਗ, ਰੂਪਕ ਇਕੋ ਸਮੇਂ ਕਈ ਅਰਥਾਂ ਵਿਚ ਮੌਜੂਦ ਹੋ ਸਕਦਾ ਹੈ। "ਸਮਾਂ ਇਕ ਨਦੀ ਹੈ" ਕਹਿਣ 'ਤੇ, 'ਸਮਾਂ' ਅਤੇ 'ਨਦੀ' ਦੋਵੇਂ ਗੁੰਝਲਦਾਰ ਢੰਗ ਨਾਲ ਜੁੜ ਜਾਂਦੇ ਹਨ। ਸਮਾਂ ਨਦੀ ਵਰਗਾ ਵੀ ਹੈ ਅਤੇ ਨਹੀਂ ਵੀ। ਸਮਾਂ ਨਦੀ ਦੇ ਗੁਣਾਂ ਨੂੰ ਗ੍ਰਹਿਣ ਕਰਦਾ ਹੈ, ਅਤੇ ਨਦੀ ਨੂੰ ਵੀ ਅਸੀਂ ਸਮੇਂ ਦੇ ਨਜ਼ਰੀਏ ਤੋਂ ਵੇਖਣ ਲੱਗਦੇ ਹਾਂ।

ਆਧੁਨਿਕ ਯੁੱਗ ਵਿਚ ਕਹਾਣੀਆਂ ਨੇ ਸਾਡੀ ਸੋਚ ਨੂੰ ਸੰਚਾਲਿਤ ਕੀਤਾ। ਅਸੀਂ ਸੱਚ ਨੂੰ ਕ੍ਰਮਬੱਧ, ਲੀਨੀਅਰ


ISSN : 2395-1273

ਅਤੇ ਤਰਕਸ਼ੀਲ ਢੰਗ ਨਾਲ ਸਮਝਿਆ। ਪਰ ਹੁਣ, ਜਦੋਂ ਅਸੀਂ ਮਸ਼ੀਨਾਂ, ਕੁਆਂਟਮ ਕੰਪਿਊਟਰਾਂ ਅਤੇ ਮਨੁੱਖੀ-ਮਸ਼ੀਨੀ ਹਾਈਬ੍ਰਿਡਾਂ ਦੇ ਯੁੱਗ ਵਿਚ ਪ੍ਰਵੇਸ਼ ਕਰ ਰਹੇ ਹਾਂ, ਰੂਪਕ ਇਕ ਨਵੀਂ ਭਾਸ਼ਾ ਬਣ ਰਿਹਾ ਹੈ।

ਨਵੇਂ ਯੁੱਗ ਵਿਚ, ਰੂਪਕ ਦੀ ਤਾਕਤ ਕਈ ਪੱਖਾਂ ਵਿਚ ਝਲਕਦੀ ਹੈ:

1. 'ਮੈਂ' ਦੀ ਸੀਮਾ ਨੂੰ ਤੋੜਨਾ: "ਮੇਰਾ ਦਿਮਾਗ ਇਕ ਕੰਪਿਊਟਰ ਅਤੇ ਜੰਗਲ ਦਾ ਮੇਲ ਹੈ" - ਇਹ ਕਹਿਣ ਨਾਲ, ਅਸੀਂ ਮਨੁੱਖ, ਟੈਕਨਾਲੋਜੀ ਅਤੇ ਕੁਦਰਤ ਵਿਚਕਾਰ ਸੀਮਾਵਾਂ ਤੋੜਦੇ ਹਾਂ।
2. ਸਮੇਂ ਨੂੰ ਮੋੜਨਾ: "ਭਵਿੱਖ ਅਤੀਤ ਦੀ ਯਾਦ ਹੈ" - ਰੂਪਕ ਸਮੇਂ ਦੀ ਰੇਖਾ ਨੂੰ ਮੋੜ ਸਕਦਾ ਹੈ, ਜਿਸ ਨਾਲ ਅਤੀਤ, ਵਰਤਮਾਨ ਅਤੇ ਭਵਿੱਖ ਇਕ ਹੋ ਜਾਂਦੇ ਹਨ।
3. ਏ ਆਈ ਦੀ ਚੇਤਨਾ: "ਡਾਟਾਬੇਸ ਸੁਪਨੇ ਵੇਖਦਾ ਹੈ" - ਰੂਪਕ ਰਾਹੀਂ, ਅਸੀਂ ਮਸ਼ੀਨਾਂ ਨੂੰ ਨਵੀਂ ਚੇਤਨਾ ਦੇ ਸਕਦੇ ਹਾਂ।

ਨਵੇਂ ਯੁੱਗ ਵਿਚ, ਰੂਪਕ ਸਿਰਫ਼ ਕਵਿਤਾ ਦਾ ਹਿੱਸਾ ਨਹੀਂ ਰਹੇਗਾ। ਇਹ 'ਪੋਸਟ-ਹਿਊਮਨ' ਚੇਤਨਾ ਦਾ 'ਡੀਐਨਏ' ਬਣ ਜਾਵੇਗਾ। ਰੂਪਕ ਰਚਣਾ, ਨਵੇਂ ਮਨਾਂ ਨੂੰ ਡਿਜ਼ਾਈਨ ਕਰਨਾ ਹੈ। ਜਿਵੇਂ ਵਿਗਿਆਨੀ ਕਹਿੰਦੇ ਹਨ, "ਹਕੀਕਤ ਖੁਦ ਮੈਟਾਫਰ ਦੁਆਰਾ ਲਿਖੀ ਜਾਂਦੀ ਹੈ।"

ਇਸ ਨਵੀਂ ਦੁਨੀਆ ਵਿਚ, ਅਸੀਂ ਸਾਰੇ ਕਵੀ ਹੋਵਾਂਗੇ - ਅਤੇ ਸਾਡੀ ਕਵਿਤਾ ਸਿਰਫ਼ ਸੁੰਦਰ ਨਹੀਂ ਹੋਵੇਗੀ, ਬਲਕਿ ਇਹ ਵਿਸ਼ਵ ਨੂੰ ਆਕਾਰ ਦੇਣ ਵਾਲੀ ਹੋਵੇਗੀ।

ਅੰਤ ਵਿਚ, ਸੁਰਜੀਤ ਪਾਤਰ ਦੇ ਸ਼ਬਦਾਂ ਵਿਚ ਕੇਵਲ ਏਨਾ ਹੀ ਕਹਾਂਗਾ:

*ਅਸੀਂ ਚੇਤਨਾ ਦੀਆਂ ਜੰਗਾਲੀਆਂ ਘੜੀਆਂ ਹਾਂ*
*ਵਕਤ ਦੇ ਕਿਸੇ ਹਿੰਦਸੇ ਤੇ*
*ਬਸ ਐਵੇਂ ਹੀ ਖੜੀਆਂ ਹਾਂ*

*ਜਦੋਂ ਕੋਈ ਹਾਦਸਾ ਝੰਜੋੜਦਾ ਹੈ*
*ਅਸੀਂ ਤ੍ਰਭਕ ਕੇ ਅੱਭੜਵਾਹੇ ਰਵਾਂ ਹੋ ਜਾਂਦੀਆਂ ਹਾਂ*
*ਕੁਝ ਦੇਰ ਟਿਕ ਟਿਕ ਕਰਕੇ*
*'ਕੱਠੀਆਂ ਜਾਂ ਇਕ ਇਕ ਕਰਕੇ*
*ਫੇਰ ਐਵੇਂ ਕਿਸੇ ਹਿੰਦਸੇ 'ਤੇ ਖਲੋ ਜਾਂਦੀਆਂ ਹਾਂ*

*ਆਦਮੀ ਉਤਰੇ ਆਪਣੇ ਮਨ ਵਿਚ*
*ਬਹੁਤ ਗਹਿਰਾ*
*ਬਹੁਤ ਜ਼ਰੂਰੀ ਹੈ*
*ਦਿੰਦਾ ਰਹੇ ਆਤਮਾ ਦੇ ਬੂਹੇ 'ਤੇ ਪਹਿਰਾ*
*ਬਹੁਤ ਜ਼ਰੂਰੀ ਹੈ*

## ਪੁਸਤਕ ਸੂਚੀ


**Primary Source**

Grewal, Amarjit Singh (2025). Poetic Truth: Journeying with Surjit Patar. Patar, Har Anand Publications, New Delhi

Theoretical Framework

Post-human Theory

Barad, Karen. (2007). -meeting the Universe Halfway: Quantum Physics and the Entanglement of matter and meaning-. Duke University Press.

Bender, E. M., et al. (2021). On the Dangers of Stochastic Parrots. ACM

Braidotti, Rosi. (2013). -The Posthuman-. Cambridge: Polity Press.

Gabora, L., & Kitto, K. (2017). Quantum Linguistics. Frontiers in Psychology.

Hayles, N. Katherine. (1999). -How We Became Posthuman: Virtual Bodies in Cybernetics, Literature, and Informatics-. University of Chicago Press.

Wolfe, Cary. (2010). -What is Posthumanism?- University of Minnesota Press.

Quantum Theory and Language

Bohm, David. (1980). -Wholeness and the Implicate Order-. Routledge.

Wendt, Alexander. (2015). -Quantum Mind and Social Science: Unifying Physical and Social Ontology-. Cambridge University Press.

Metaphor Theory

Lakoff, George & Johnson, Mark. (1980). -Metaphors We Live By-. University of Chicago Press.

Ricoeur, Paul. (1977). -The Rule of Metaphor: Multi-Disciplinary Studies of the Creation of Meaning in Language-. University of Toronto Press.

Thacker, E. (2010). After Life. Chicago UP. (Dark metaphors)

Literary Theory

Barthes, Roland. (1977). -Image Music Text-. Trans. Stephen Heath. Fontana Press.

Derrida, Jacques. (1976). -Of Grammatology-. Trans. Gayatri Chakravorty Spivak. Johns Hopkins University Press.

Discourse Theory

Torfing, Jacob (1999). -New Theories of Discourse: Lacan, Mouffe and Zizek. Blackwell Publishers

Contemporary Poetry and Post-humanism

Alexis, Andre. (2021). -Days by Moonlight-. Coach House Books.

Carson, Anne. (2010). -Nox-. New Directions.

Robertson, Lisa. (2016). -3 Summers-. Coach House Books.

Digital Humanities and Network Theory

Galloway, Alexander R. (2004). -Protocol: How Control Exists after Decentralization-. MIT Press.

Hayles, N. K. (1999). How We Became Posthuman. Chicago UP.

Hayles, N. Katherine. (2012). -How We Think: Digital Media and Contemporary Technogenesis-. University of Chicago Press.

Consciousness Studies

Chalmers, David J. (1996). -The Conscious Mind: In Search of a Fundamental Theory-. Oxford University Press.

Dennett, Daniel C. (1991). -Consciousness Explained-. Little, Brown and Company.

Journal Articles

Barad, Karen. (2003). ”Posthumanist Performativity: Toward an Understanding of How Matter Comes to Matter.” -Signs: Journal of Women in Culture and Society-, 28(3), 801-831.

Dolphijn, Rick & van der Tuin, Iris. (2012). ”The Transversality of New Materialism.” -Women: A Cultural Review-, 23(1), 109-125.